ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸਪਤਾਹਿਕ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ

# ਸਤਿਜੁਗ

ਕਲਿਜੁਗ ਮੇਂ ਸਤਿਜੁਗ ਵਰਤਾਊਂ॥ ਤਬੀ ਬਾਰਵਾਂ ਬਪੁ ਕਹਾਊਂ॥

www.sribhainisahib.com
ਜਿਲਦ-24 ਨੰਬਰ-23

27 ਸਾਵਣ ਤੋਂ 2 ਭਾਦਰੋਂ 2073 - 11 to 17 August 2016 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 201

## ਸਤਿਗੁਰੂ ਸਦਾ ਹੀ ਸੁਣਦੇ ਹਨ



ਤੁਹਾਡਾ ਇਹ ਫਰਜ਼ ਹੈ ਨਾਮਧਾਰੀਆਂ ਦਾ ਕਿ ਤੁਸੀਂ ਭਜਨ ਕਰਿਆ ਕਰੋ, ਔਰ ਇਸ਼ਨਾਨ ਕਰਿਆ ਕਰੋ, ਨਿਤਨੇਮ ਕਰਿਆ ਕਰੋ। ਸਮਾਂ ਬੜਾ ਕਰੂਰ ਹੈ, ਬੜਾ ਖਰਾਬ ਹੈ। ਸਤਿਗੁਰਾਂ ਦੇ ਹੁਕਮ ਨਾਲ ਜਿਹੜੇ ਹੁਕਮਨਾਮੇ ਸੁਣਦੇ ਹੋ-ਰੋਜ਼, ਅਰਦਾਸ ਕਰਿਆ ਕਰੋ, "ਸੱਚਿਆ ਪਾਤਸ਼ਾਹ! ਸਾਡੇ ਉੱਤੇ ਕਿਰਪਾ ਕਰ, ਸਾਨੂੰ ਇਹ ਬਲ ਬਖ਼ਸ਼ ਅਸੀਂ ਤੇਰਾ ਹੁਕਮ ਮੰਨੀਏ, ਜਿੰਨਾ ਤੂੰ ਮਨਾਵੇਂ।" ਹਰ ਵੇਲੇ ਅਰਦਾਸ ਕਰਿਆ ਕਰੋ। ਉਹ ਸਤਿਗੁਰੂ ਸਦਾ ਹੀ ਸੁਣਦੇ ਹਨ, ਉਹ ਕੋਈ ਦੂਰ ਨਹੀਂ।

# ਪੰਜ ਭਾਦਰੋਂ ਮਾਹੀ ਦਾ ਵਿਛੋੜਾ



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ
1890 - 1959

ਗੁਰੂ ਪ੍ਰਤਾਪ ਅੱਜ ਛੱਡ ਕੇ ਹੈ ਟੁਰਿਆ
ਵਾਸਤੇ ਮੈਂ ਪਾਵਾਂ ਮੇਰੇ ਦਾਤਿਆ ਤੂੰ ਮੁੜਿਆ
ਵੇਖ ਕੇ ਹਨੇਰਾ ਅੱਜ ਚੰਨ ਘਬਰਾ ਗਿਆ,
ਦਿਨ ਪੰਜ ਭਾਦਰੋਂ ਦਾ ਕਹਿਰ ਅੱਜ ਛਾ ਗਿਆ

- ਰਣਜੀਤ ਕੌਰ ਜੀਤ

## ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ
## ਸੁੱਚ ਸੋਧ ਅਤੇ ਨਾਮ ਬਾਣੀ

✍ ਸਵਿੰਦਰ ਸਿੰਘ ਨਾਮਧਾਰੀ

ਇਤਿਹਾਸ ਪੜ੍ਹਿਆਂ ਅਤੇ ਸੁਣਿਆਂ ਪਤਾ ਲਗਦਾ ਹੈ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸੁੱਚ ਸੋਧ ਵੱਲ ਉਚੇਚਾ ਧਿਆਨ ਦਿੰਦੇ ਸੀ। ਖੱਦਰ ਦੇ ਕਪੜੇ ਨਾਲ ਸੋਧ ਨਿਭਾਈ ਜਾਂਦੀ ਸੀ। ਖੱਦਰ ਦੇ ਕਪੜਿਆਂ ਨੂੰ ਪਹਿਲਾਂ ਖੂਹ ਦੇ ਸੁੱਚੇ ਜਲ ਨਾਲ ਧੋ ਕੇ ਸੁੱਕਾ ਕੇ ਸੁੱਚਾ ਕਰ ਲਿਆ ਜਾਂਦਾ ਸੀ। ਉਸ ਨੂੰ ਜੂਠੇ ਹੱਥਾਂ ਦੀ ਛੋਹ ਨਹੀਂ ਸੀ ਲੱਗਣ ਦਿੱਤੀ ਜਾਂਦੀ। ਫਿਰ ਸੋਧ ਦਾ ਇਸ਼ਨਾਨ, ਸੋਧ ਦਾ ਲੰਗਰ, ਸ੍ਰੀ ਸਤਿਗੁਰੂ ਜੀ ਤਾਂ ਲੰਗਰ ਛੱਕਣ ਵੇਲੇ ਉਚੇਚਾ ਸੋਧ ਦਾ ਇਸ਼ਨਾਨ ਕਰਕੇ ਅਤੇ ਆਸਣ ਉਤੇ ਚੌਕੜਾ ਲਗਾ ਕੇ ਛਕਦੇ ਸਨ। ਬਜ਼ੁਰਗ ਦੱਸਿਆ ਕਰਦੇ ਸਨ ਕਿ ਥਾਲਾ ਹੱਥਾਂ ਉਪਰ ਰੱਖ ਕੇ ਹੀ ਲੰਗਰ ਛਕਿਆ ਕਰਦੇ ਸੀ। ਸੋਧ ਦਾ ਜਲ ਗੜਵੇ ਵਿਚ ਹਮੇਸ਼ਾਂ ਨਾਲ ਰਖਦੇ ਸਨ। ਜਲ ਵਰਤਣ ਵੇਲੇ (ਝੀਤਾ ਛੱਡਣ ਵੇਲੇ ਭਾਵ ਪਿਸ਼ਾਬ ਕਰਨ ਵੇਲੇ) ਵੀ ਸੋਧ ਦਾ ਜਲ ਵਰਤਦੇ ਸਨ। ਸੋਧੀਆਂ ਨੂੰ ਬਹੁਤ ਹੀ ਆਦਰ ਸਨਮਾਨ ਦਿਆ ਕਰਦੇ ਸਨ ਅਤੇ ਪ੍ਰੋਗਰਾਮਾਂ ਵਿਚ ਵੀ ਉਹਨਾਂ ਨੂੰ ਵਿਸ਼ੇਸ਼ ਜਗ੍ਹਾ ਦਿਆ ਕਰਦੇ ਸਨ। ਜਿਵੇਂ ਕਿ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਵੀ ਵੇਖਦੇ ਆ ਰਹੇ ਹਾਂ।

ਸੋਧ ਰਖਣ ਵਾਲਿਆਂ ਦਾ ਮਨ ਵੀ ਫਿਰ ਬਹੁਤ ਬਲਵਾਨ ਹੋ ਜਾਂਦਾ ਹੈ। ਭੁੱਖ ਪਿਆਸ ਉਹਨਾਂ ਨੂੰ ਤੰਗ ਨਹੀਂ ਕਰਦੀ। ਚਾਹੇ ਗਰਮੀਆਂ ਹੋਣ ਜਾਂ ਸਰਦੀਆਂ, ਇਸ ਤਰ੍ਹਾਂ ਉਹ ਅਸ਼ੁੱਧ ਚੀਜਾਂ ਖਾਣ ਪੀਣ ਤੋਂ ਬਚ ਜਾਂਦੇ ਹਨ। ਮਨ ਜਦੋਂ ਸਤਿਗੁਰਾਂ ਦੇ ਹੁਕਮਾਂ ਅਨੁਸਾਰ ਮਰਯਾਦਾ ਧਾਰਨ ਕਰਨ ਲਗ ਜਾਂਦਾ ਹੈ ਤਾਂ ਸੁਆਸ ਸੁਆਸ ਭਜਨ ਫੁਰਦਾ ਹੈ ਅਤੇ ਬਿਰਤੀ ਵੀ ਲਗ ਜਾਂਦੀ ਹੈ। ਮਨ ਬੇਈਮਾਨੀ ਦੀ ਕਮਾਈ ਤੋਂ ਵੀ ਨਫਰਤ ਕਰਦਾ ਹੈ। ਕਿਸੇ ਦਾ ਹੱਕ ਖਾਣਾ ਅਛਾ ਨਹੀਂ ਸਮਝਦਾ। ਫਿਰ ਜੇਕਰ ਕਿਸੇ ਘਰ ਵਿਚ ਨੌਕਰ ਵੀ ਰਖੇ ਹੁੰਦੇ ਹਨ ਤਾਂ ਉਥੋਂ ਵੀ ਕੁਝ ਵੀ ਨਹੀਂ ਛਕਣ ਨੂੰ ਦਿਲ ਕਰਦਾ। ਬਾਜ਼ਾਰੀ ਖਾਣੇ ਤੋਂ ਵੀ ਗੁਰੇਜ ਹੋ ਜਾਂਦਾ ਹੈ। ਇਸ ਤਰ੍ਹਾਂ ਸੁੱਚ ਸੋਧ ਦੀ ਸ੍ਰੀ ਸਤਿਗੁਰੂ ਜੀ ਦੀ ਇਛਾ ਅਨੁਸਾਰ ਵਰਤੋਂ ਕਰਕੇ ਅਸੀਂ ਆਪਣਾ ਜੀਵਨ ਉਚਾ ਸੁੱਚਾ ਸੋਖੇ ਹੀ ਕਰ ਸਕਦੇ ਹਾਂ।

ਸੁੱਚ ਸੋਧ ਜਾਂ ਸ਼ੁੱਧ ਭੋਜਨ ਸਰੀਰ ਨੂੰ ਤੰਦਰੁਸਤ ਰਖਣ ਦਾ ਸਾਧਨ ਹੈ। ਏਹ ਜਿਤਨਾ ਸ਼ੁੱਧ ਅਤੇ ਗੁਣਕਾਰੀ ਹੋਵੇਗਾ, ਉਹਨਾਂ ਹੀ ਸਰੀਰ ਤੰਦਰੁਸਤ ਰਹੇਗਾ। ਦਿਮਾਗ ਵੀ ਉਹਨਾਂ ਹੀ ਤੇਜ਼ ਹੋਵੇਗਾ। ਇਸੇ ਲਈ ਘਰ ਤਿਆਰ ਕੀਤਾ ਹੋਇਆ ਸਾਫ਼ ਅਤੇ ਸੁੱਚਾ ਭੋਜਨ ਹੀ ਛਕਣਾ ਜ਼ਰੂਰੀ ਹੈ। ਹਲਵਾਈਆਂ ਦੇ ਹੱਥ ਦਾ ਭੋਜਨ ਸਰੀਰ ਨੂੰ ਨੁਕਸਾਨ ਪਹੁੰਚਾਉਂਦਾ ਹੈ। ਇਕ ਤਾਂ ਉਹ ਮਰਯਾਦਾ ਵਿਚ ਨਹੀਂ ਹੁੰਦਾ, ਦੂਜਾ ਅਧਿਕ ਤੇਜ਼ ਮਸਾਲੇਦਾਰ ਹੁੰਦਾ ਹੈ। ਘਰ ਵਿਚ ਭੋਜਨ ਨਾਮ ਸਿਮਰਨ ਕਰਦਿਆਂ, ਗੁਰਬਾਣੀ ਪੜ੍ਹਦਿਆਂ ਤਿਆਰ ਕੀਤਾ ਜਾਂਦਾ ਹੈ। ਉਹ ਭੋਜਨ ਛੱਕ ਕੇ ਮਨ ਵਿਚ ਫਿਰ ਵਿਕਾਰ ਪੈਦਾ ਨਹੀਂ ਹੁੰਦੇ। (ਬਾਕੀ ਸਫਾ 2 'ਤੇ)

## ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦਾ ਦੂਸਰਾ ਟਰਾਂਟੋ ਦੌਰਾ ਸੰਪੰਨ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 200ਵੇਂ ਪ੍ਰਕਾਸ਼ ਵਰ੍ਹੇ, ਸ੍ਰੀ ਸਤਿਗੁਰ ਜਗਜੀਤ ਸਿੰਘ ਜੀ ਅਤੇ ਸ੍ਰੀ ਮਾਤਾ ਚੰਦ ਕੌਰ ਜੀ ਦੀ ਯਾਦ ਨੂੰ ਸਮਰਪਿਤ, ਕਥਾ ਕੀਰਤਨ, ਨਾਮ ਸਿਮਰਨ, ਕਵਿਤਾਵਾਂ ਅਤੇ ਵਿਦਿਵਾਨਾਂ ਦੇ ਲੈਕਚਰਾਂ ਦੁਆਰਾ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦਾ ਦੂਸਰਾ ਟਰਾਂਟੋ ਦੌਰਾ 19 ਜੁਲਾਈ ਤੋਂ 25 ਜੁਲਾਈ 2016 ਤਕ ਨਿਰਵਿਘਨਤਾ ਸਹਿਤ ਸੰਪਨ ਹੋਇਆ।

ਸ੍ਰੀ ਸਤਿਗੁਰੂ ਜੀ ਦੇ ਇਸ ਦੌਰੇ ਦੀਆਂ ਤਰੀਖਾਂ ਦਾ ਪਤਾ ਲਗਣ ਤੇ ਟਰਾਂਟੋ ਦੀ ਨਾਮਧਾਰੀ ਸੰਗਤ ਵਿਚ ਖੁਸ਼ੀ ਦੀ ਲਹਿਰ ਛਾ ਗਈ ਤੇ ਵਿਉਂਤਬੰਦੀਆਂ ਉਡੀਕੀਆਂ ਜਾਣ ਲਗੀਆਂ। ਜਿਸ ਨਾਲ ਵੱਧ ਤੋਂ ਵਧ ਸੰਗਤ ਇਕੱਤਰ ਹੋ ਕੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਆਪਣਾ ਜੀਵਨ ਸਫਲ ਕਰ ਸਕੇ। ਪ੍ਰਬੰਧਕਾਂ ਵਲੋਂ 19 ਜੁਲਾਈ ਤਕ ਸਾਰੀਆ ਤਿਆਰੀਆ ਕੀਤੀਆਂ ਜਾ ਚੁਕੀਆਂ ਸਨ ਕਿਉਂਕਿ ਸਤਿਗੁਰੂ ਜੀ ਦਾ ਇਥੇ ਆ ਕੇ ਦਰਸ਼ਨ ਦੇਣ ਦਾ ਮਨ 'ਚ ਚਾਅ ਸੀ। ਜਿਵੇਂ-

- ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ।।

(ਬਾਕੀ ਸਫਾ 2 'ਤੇ)

# ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ...

(ਬਾਕੀ ਸਫਾ 1 ਦੀ)



**ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅੰਤਿਮ ਦਰਸ਼ਨ।**

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਹੁਕਮ ਕਰਿਆ ਕਰਦੇ ਸਨ ਕਿ ਤੁਹਾਡੇ ਘਰਾਂ ਵਿਚ ਚੌਂਕੇ - ਭਾਵੇਂ ਤੁਸੀਂ ਨਲਕੇ ਦੇ ਪਾਣੀ ਬਗੈਰ ਨਹੀਂ ਗੁਜ਼ਾਰਾ ਕਰਦੇ ਪਰ ਜਿਹੜਾ ਤੁਹਾਡੇ ਹੋਟਲਾਂ 'ਚ ਬਹਿ ਕੇ ਖਾਣਾ ਹੈ, ਜਿਥੇ ਮਾਸ ਵਰਤਦਾ ਹੈ, ਜਿਥੇ ਤਮਾਕੂ ਖਾਂਦੇ ਪੀਂਦੇ ਹਨ, ਜਿਥੇ ਜੋ ਸ਼ਰਾਬ ਸਭ ਉਡਦੀ ਹੈ, ਉਹਨਾਂ ਲੋਕਾਂ ਦੇ ਹੱਥਾਂ ਤੋਂ ਤੁਸੀਂ ਖਾਂਦੇ ਹੋ, ਇਹ ਐਸੀਆਂ ਚੀਜਾਂ ਹੁਣ ਹੋ ਗਈਆਂ ਨੇ - ਔਰੰਗਜ਼ੇਬ ਨੇ ਜਬਰਨ ਲੋਕਾਂ ਨੂੰ ਮੁਸਲਮਾਨ ਬਣਾਉਣਾ ਚਾਹਿਆ ਸੀ। ਅੰਗਰੇਜ਼ ਨੇ ਆ ਕੇ ਐਸੀਆਂ ਸਹੂਲਤਾਂ ਬਣਾ ਦਿੱਤੀਆਂ ਕਿ ਕੁਦਰਤੀ ਤੌਰ ਤੇ ਹੀ ਲੋਕ ਉਸ ਪਾਸੇ ਨੂੰ ਤੁਰ ਪਏ। ਹੁਣ ਇਹ ਕੋਕਾ ਕੋਲਾ (ਜਾਂ ਹੋਰ ਡਰਿੰਕਸ) ਤੁਸੀਂ ਪੀਂਦੇ ਹੋ ਪਤਾ ਨਹੀਂ ਉਹਦੇ 'ਚ ਪਾਣੀ ਪਾਉਣ ਵਾਲਾ ਕੌਣ ਹੈ, ਉਸ ਨੂੰ ਮਾਸ ਵਾਲੇ ਹੱਥ ਲੱਗੇ ਹੋਏ ਹਨ, ਤਮਾਕੂ ਵਾਲੇ ਲੱਗੇ ਹੋਏ ਹਨ, ਉਹਨੂੰ ਕਾਹਦੇ ਵਾਲੇ ਲੱਗੇ ਹੋਏ ਨੇ।

ਸੋ ਅਰਜ਼ ਕਰਾਂ, ਤੁਹਾਡੇ ਅੱਗੇ (ਇਹ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿੱਤਰ ਉਪਦੇਸ਼ ਹਨ - ਉਹਨਾਂ ਦੇ ਮੁਖਾਰਬਿੰਦ ਤੋਂ ਇਹ ਹੁਕਮ ਹਨ) **ਨਾਮਧਾਰੀ ਸੰਗਤ ਜਦੋਂ ਕਦੇ ਕੋਈ ਦਿਵਾਨ ਕਰੇ, ਕੋਈ ਮੇਲਾ ਕਰੇ, ਕੋਈ ਕਿਸੇ ਦੀ ਸੇਵਾ ਟਹਿਲ ਵਾਸਤੇ ਪ੍ਰਸਾਦਿ ਪਾਣੀ ਕਰੇ ਤਾਂ ਉਹਨੂੰ ਅੰਗਰੇਜ਼ੀ ਤਰੀਕੇ ਨਾਲ ਨਹੀਂ ਕਰਨਾ ਚਾਹੀਦਾ। ਤੁਸੀਂ ਤੇ ਇਕ ਬੀਜ ਮਾਤਰ ਹੀ ਰਹਿ ਗਏ ਹੋ ਹਿੰਦੁਸਤਾਨ ਦੀ ਸੱਭਿਅਤਾ। ਜੇ ਤੁਸੀਂ ਇਹ ਵੀ ਗੁਆ ਦਿਉ ਤਾਂ ਤੁਹਾਡਾ ਕੀ ਨਿਆਰਾਪਣ ਹੈ। ਪੱਗਾਂ ਕਈ ਪਾਰਸੀ ਤੁਹਾਡੇ ਵਰਗੀਆਂ ਬੰਨ੍ਹੀ ਫਿਰਦੇ ਨੇ, ਦਾੜ੍ਹੀਆਂ ਕਈ ਮੁਸਲਮਾਨ ਵੀ ਤੁਹਾਡੇ ਨਾਲੋਂ ਵੱਡੀਆਂ ਵੱਡੀਆਂ ਰੱਖੀ ਫਿਰਦੇ ਨੇ - ਤੁਹਾਡਾ ਨਿਆਰਾਪਣ ਇਹੀ ਹੈ ਕਿ ਤੁਹਾਡਾ ਖਾਣ ਪੀਣ ਹੈ, "ਰਹਿਤ ਪਿਆਰੀ ਮੁਝ ਕਉ "**

**ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤਾਂ ਸਦਾ ਹੀ ਸੁੱਚ ਸੋਧ ਤੇ ਨਾਮ ਬਾਣੀ ਅਤੇ ਧਰਮ ਦੀ ਕਿਰਤ ਤੇ ਹੀ ਜੋਰ ਦਿੰਦੇ ਤੇ ਕਹਿੰਦੇ ਸਨ - ਗੁਰਬਾਣੀ ਅਨੁਸਾਰ ਵੀ ਆਉਂਦਾ ਹੈ ਕਿ**

***ਕਹੁ ਨਾਨਕ ਸਚੁ ਧਿਆਈਐ।।***
***ਸੁਚ ਹੋਵੈ ਤਾ ਸਚੁ ਪਾਈਐ।।***

ਸ੍ਰੀ ਸਤਿਗੁਰੂ ਜੀ ਸਦਾ ਹੀ ਨਾਮ, ਦਾਨ, ਇਸ਼ਨਾਨ ਪ੍ਰਥਾਇ ਹੀ ਉਪਦੇਸ਼ ਦਿੰਦੇ ਸਨ ਕਿਉਂਕਿ ਇਸ਼ਨਾਨ ਹੀ ਸੁੱਚ ਸੋਧ ਮਰਯਾਦਾ ਦਾ ਮੁਢਲਾ ਅੰਗ ਹੈ। ਸਣੇਕੇਸੀਂ ਇਸ਼ਨਾਨ ਤੋਂ ਬਿਨਾਂ ਸੋਧ ਨਹੀਂ ਰਹਿ ਸਕਦੀ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਮ ਸਿਮਰਨ ਬਾਰੇ ਗੁਰਸਿੱਖਾਂ ਨੂੰ ਉਪਦੇਸ਼ ਦਿੰਦੇ ਕਿਹਾ ਕਰਦੇ ਸਨ ਕਿ

"ਸਤਿਗੁਰੂ ਸੱਚੇ ਪਾਤਸ਼ਾਹ ਨੇ (ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ) ਸਾਨੂੰ ਗਰੜ ਉਦਾਗਰ ਦਿਤੀ ਹੈ, ਤੁਹਾਨੂੰ ਨਾਮ ਦਿਤਾ ਹੈ, ਜਿਹੜੇ ਨਾਮ ਜਪਣਗੇ, ਉਹਨਾਂ ਨੂੰ ਫਿਰ ਮਾਇਆ ਦਾ ਜ਼ਹਿਰ ਨਹੀਂ ਚੜ੍ਹ ਸਕਦਾ। ਜਿਹੜਾ ਹੁਣ ਅਗਲਾ ਲਾਹਾ ਖੱਟਣਾ ਹੈ, ਅੱਗੇ ਜਿਸ ਲੋਕ ਵਿਚ ਜਾਣਾ ਹੈ ਸਰੀਰ ਨੇ ਛੁੱਟਣਾ ਹੈ। ਜੇ ਉਹਦੇ ਵਾਸਤੇ ਕੁਝ ਕਰਨਾ ਹੈ ਤੇ ਇਹ ਹੈ - ਭਾਈ ਇਕ ਤੋਂ ਜ਼ਿਆਦਾ ਜਿੰਨਾਂ ਕਰੋ ਉਹ ਤੁਹਾਡੀ ਹਿੰਮਤ- ਪਰ ਜਿਹੜੇ ਘੱਟ ਤੋਂ ਘੱਟ ਇਕ ਘੰਟਾ ਭਜਨ ਨਾ ਕਰਨਗੇ, ਉਹ ਦੁੱਖ ਪਾਉਣਗੇ।

ਜਿਸ ਤਰ੍ਹਾਂ ਕਿੱਲੀ ਦੇ ਕੋਲ ਦਾਣੇ ਰਹਿ ਜਾਂਦੇ ਹਨ ਚੱਕੀ ਦੇ ਪਿਸਦੇ ਨਹੀਂ, ਇਸ ਤਰ੍ਹਾਂ ਜਿਹੜੇ ਨਾਮ ਜਪਣਗੇ ਉਹ ਬਚ ਜਾਣਗੇ।"

ਸਤਿਗੁਰੂ ਪ੍ਰਤਾਪ ਸਿੰਘ ਜੀ ਗੁਰਸਿੱਖਾਂ ਨੂੰ ਸੁੱਚ ਸੋਧ ਬਾਰੇ ਸਮਝਾਉਂਦੇ ਹੀ ਰਹਿੰਦੇ ਸਨ ਅਤੇ ਕਿਹਾ ਕਰਦੇ ਸਨ ਕਿ ਅੰਨ ਦਾ ਸਦਾ ਹੀ ਸਤਿਕਾਰ ਕਰੋ। ਇਸਨੂੰ ਪੈਰਾਂ ਹੇਠ ਨਾ ਸੁੱਟੋ। ਪ੍ਰਸ਼ਾਦਾ ਛਕਣ ਉਪਰੰਤ ਥਾਲਾ ਧੋ ਕੇ ਪੀਓ। ਜਿਹੜਾ ਵਿਅਕਤੀ ਥਾਲੀ ਧੋ ਕੇ ਪੀਂਦਾ ਹੈ ਉਹ ਭੁੱਖਾ ਨਹੀਂ ਮਰਦਾ। ਭਾਵੇਂ ਦਾਣੇ ਮੋਤੀਆਂ ਦੇ ਭਾਅ ਹੋ ਜਾਣ। ਆਪ ਦਾਣਿਆਂ ਦੇ ਬੋਹਲ ਵਾਲੇ ਪਿੜ ਵਿਚ ਜੋੜਾ ਖੜਨ ਵਾਲੇ ਨੂੰ ਸਮਝਾਂਦੇ ਕਿ ਇਥੇ ਜੋੜਾ ਨਹੀਂ ਲਿਆਉਣਾ ਚਾਹੀਦਾ। ਪਰ ਅੱਜ ਵੇਖਣ ਵਿਚ ਆਉਂਦਾ ਹੈ ਕਿ ਅੱਜ ਕੋਈ ਵਿਰਲਾ ਹੀ ਗੁਰਸਿੱਖ ਹੋਵੇਗਾ ਜੋ ਆਪਣੀ ਰਸੋਈ ਵਿਚ ਜੋੜਾ ਲੈ ਜਾਣ ਤੋਂ ਰੋਕਦਾ ਹੋਵੇਗਾ। ਜਦ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਵੀ ਹੁਕਮ ਹੈ ਕਿ ***'ਚਰਨ ਧੋਇ ਕੇ ਚੌਂਕੇ ਵਿਚ ਬੜਨਾ।'***

ਸ੍ਰੀ ਸਤਿਗੁਰੂ ਜੀ ਤਾਂ ਪ੍ਰਸ਼ਾਦਾ ਵੀ ਉਸੇ ਘਰ ਦਾ ਪ੍ਰਵਾਨ ਕਰਦੇ ਸਨ ਜਿਸ ਨੇ ਭਜਨ ਪੁਛਿਆ ਹੋਵੇ, ਕਾਰ ਵਿਹਾਰ ਸ਼ੁੱਧ ਹੋਵੇ। ਆਮ ਕਹਾਵਤ ਹੈ ਕਿ ***"ਜੈਸਾ ਅੰਨ ਤੈਸਾ ਮਨ।"*** ਅਸ਼ੁੱਧ ਭੋਜਨ ਕਾਰਨ ਅਸ਼ੁੱਧ ਵਿਚਾਰ ਉਤਪੰਨ ਹੁੰਦੇ ਹਨ। ਜਿਸ ਸਦਕਾ ਸਮਾਜ ਦੀ ਸਾਰੀ ਤਾਣੀ ਵਿਗੜੀ ਹੋਈ ਹੈ। ਸੁੱਚ ਸੋਧ ਦਾ ਭੋਜਨ ਖਾਣ ਨਾਲ ਸ਼ਿਸ਼ਟਾਚਾਰ ਵਧਦਾ ਹੈ। ਵਾਤਾਵਰਣ ਸ਼ੁੱਧ ਹੁੰਦਾ ਹੈ। ਵਿਚਾਰ ਪਵਿੱਤਰ ਹੁੰਦੇ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਲਿਖੀ ਅਤੇ ਪ੍ਰਸਾਰੀ ਹੋਈ ਮਰਯਾਦਾ ਨੂੰ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਅਮਲੀ ਜਾਮਾ ਪਹਿਨਾਇਆ ਅਤੇ ਸੁੱਚ ਸੋਧ ਦੀ ਲਹਿਰ ਚਲਾ ਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕਲਜੁਗ ਵਿਚ ਸਤਿਜੁਗ ਹੋਣ ਦਾ ਪਰਚਮ ਲਹਿਰਾ ਦਿੱਤਾ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਦਰਸਾਈ ਸੁੱਚ ਸੰਜਮ ਦੀ ਮਰਯਾਦਾ ਨੂੰ ਧਾਰਨ ਕਰ ਗੁਰਸਿਖਾਂ ਦੇ ਗੁਰਸਿਖੀ ਜੀਵਨ ਨੂੰ ਵੇਖ ਕੇ ਹੀ ਪਤਾ ਲਗਦਾ ਹੈ ਕਿ ਸੁੱਚ ਸੋਧ ਤੋਂ ਬਿਨਾਂ ਨਾਮ ਨਹੀਂ ਜਪਿਆ ਜਾਂਦਾ ਤੇ ਨਾਮ ਜਪੇ ਬਿਨਾਂ ਆਤਮਾ ਬਲਵਾਨ ਨਹੀਂ ਹੁੰਦੀ ਅਤੇ ਆਤਮਾ ਬਲਵਾਨ ਹੋਏ ਬਿਨਾਂ ਕਿਸੇ ਕੰਮ ਨੂੰ ਸਰੰਜਾਮ ਦੇਣਾ ਬੜਾ ਹੀ ਮੁਸ਼ਕਲ ਹੈ। ਜਿਨਾਂ ਸਿੰਘਾਂ ਨੇ ਦੇਸ਼ ਧਰਮ ਦੀ ਖਾਤਿਰ ਫਾਂਸੀਆਂ ਦੇ ਰੱਸੇ ਚੁੰਮੇ, ਤੋਪਾਂ ਦੇ ਅੱਗੇ ਹੱਸ ਹੱਸ ਕੇ ਛਾਤੀਆਂ ਤੇ ਗੋਲੇ ਖਾਧੇ ਉਹ ਸੁੱਚ ਸੋਧ ਦੇ ਹੀ ਧਾਰਨੀ ਸਨ। ਅਜਿਹੇ ਸਿੱਖਾਂ ਦੀ ਮਿਸਾਲ ਮਿਲ ਹੀ ਨਹੀਂ ਸਕਦੀ।

**(ਬਾਕੀ ਸਫਾ 4 'ਤੇ)**

# ਸ੍ਰੀ ਸਤਿਗੁਰੂ ਜੀ ਦਾ ਟਰਾਂਟੋ ਦੌਰਾ ਸੰਪੰਨ..

(ਬਾਕੀ ਸਫਾ 1 ਦੀ)

ਸਾਧ ਸੰਗਤ ਨੂੰ ਜਿਵੇਂ ਹੀ ਫਲਾਈਟ ਦੇ ਆਉਣ ਦਾ ਪਤਾ ਲਗਿਆ ਤਾਂ ਪੰਡਾਲ ਵਿਚ ਸੰਗਤ ਇਕੱਤਰ ਹੋਣੀ ਸ਼ੁਰੂ ਹੋ ਗਈ ਪਰ ਕੁਝ ਕਾਰਨਾਂ ਕਰਕੇ ਫਲਾਈਟ ਲੇਟ ਹੁੰਦੀ ਗਈ ਤੇ ਸਾਧ ਸੰਗਤ ਨੂੰ ਸੱਚੇ ਪਾਤਸ਼ਾਹ ਜੀ ਨੇ ਸੰਦੇਸ਼ ਭੇਜ ਦਿੱਤਾ ਕਿ ਸਵੇਰੇ ਆਸਾ ਦੀ ਵਾਰ ਵਿਚ ਹੀ ਦਰਸ਼ਨ ਦੇਣ। ਸ੍ਰੀ ਸਤਿਗੁਰੂ ਜੀ ਅਤੇ ਮਾਤਾ ਗੁਰਸ਼ਰਨ ਕੌਰ ਜੀ ਏਅਰ ਪੋਰਟ ਤੋਂ ਦੇਰ ਰਾਤ ਸਿੱਧੇ ਸੂਬਾ ਰੇਸ਼ਮ ਸਿੰਘ ਦੇ ਗ੍ਰਹਿ ਦਰਸ਼ਨ ਦਿੱਤੇ ਅਤੇ ਜਲਪਾਨ ਕਰਕੇ ਆਰਾਮ ਕੀਤਾ। (ਏਅਰਪੋਰਟ) ਤੇ ਭਾਵੇਂ ਪ੍ਰਬੰਧਕਾਂ ਅਤੇ ਸੰਗਤ ਕਾਫੀ ਗਿਣਤੀ 'ਚ ਆਪਦੇ ਸਵਾਗਤ ਵਾਸਤੇ ਆਈ ਹੋਈ ਸੀ ਪਰ ਆਪ ਉਥੇ ਜ਼ਿਆਦਾ ਦੇਰ ਨਾ ਰੁਕਦੇ ਹੋਏ ਸੰਤ ਹਰਜਿੰਦਰ ਸਿੰਘ ਬਡਵਾਲ ਦੀ ਕਾਰ 'ਚ ਬੈਠੇ ਸਿੱਧੇ ਡੇਰੇ ਹੀ ਪਹੁੰਚੇ। ਸਾਧ ਸੰਗਤ ਦੇ ਮਨ ਵਿਚ ਇਕ ਪਾਸੇ ਸੱਚੇ ਪਾਤਸ਼ਾਹ ਜੀ ਦੇ ਦਰਸ਼ਨ ਦੇਣ ਦੀ ਖੁਸ਼ੀ ਸੀ ਪਰ ਦੂਸਰੇ ਪਾਸੇ ਸ੍ਰੀ ਮਾਤਾ ਚੰਦ ਕੌਰ ਜੀ ਦਾ ਇਸ ਵਾਰ ਸੱਚੇ ਪਾਤਸ਼ਾਹ ਜੀ ਦੇ ਨਾਲ ਨਾਂ ਹੋਣ ਦਾ ਗਮ ਵੀ ਸੀ। ਸੱਚੇ ਪਾਤਸ਼ਾਹ ਜੀ ਨਾਲ ਮਾਤਾ ਜੀ ਬਾਰੇ ਕੁਝ ਕਹਿਣ ਤੇ ਸੱਚੇ ਪਾਤਸ਼ਾਹ ਜੀ ਦੀ ਰਜਾ ਕਹਿਕੇ ਸੰਗਤ ਨੂੰ ਦਿਲਾਸਾ ਦਿੱਤਾ।

**20 ਜੁਲਾਈ 2016** ਨੂੰ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ, 12049 The Gore Road Caledon On ਜਿਥੇ ਸਾਰੇ ਪ੍ਰੋਗਰਾਮਾਂ ਵਾਸਤੇ ਬਹੁਤ ਹੀ ਵੱਧੀਆ ਪੰਡਾਲ ਸੰਤ ਹਰਜਿੰਦਰ ਸਿੰਘ ਨੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਤਿਆਰ ਕਰਵਾਇਆ ਸੀ। ਹਜ਼ੂਰੀ ਰਾਗੀ ਸਰਵ ਸੰਤ ਬਲਵੰਤ ਸਿੰਘ, ਤੇ ਹਰਪ੍ਰੀਤ ਸਿੰਘ ਸੋਨੂੰ ਨਾਲ ਸਹਿਯੋਗੀ ਸਰਵ ਸ੍ਰੀ ਬਲਦੇਵ ਸਿੰਘ, ਰਤਨ ਸਿੰਘ ਗੁਰਮੁਖ ਸਿੰਘ, ਅਮਰੀਕ ਸਿੰਘ, ਗਿਆਨ ਸਿੰਘ, ਹਾਕਮ ਸਿੰਘ ਤੇ ਬਘੇਲ ਸਿੰਘ ਆਦਿ ਨੇ ਮਨੋਹਰ ਕੀਰਤਨ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿਚ ਕੀਤਾ। ਸਾਧ ਸੰਗਤ ਨੇ ਬੜੀਆਂ ਖੁਸ਼ੀਆਂ ਚਾਵਾਂ ਨਾਲ ਸਟੇਜ ਤੇ ਸੋਹਣੇ ਸਜਾਏ ਗਏ ਆਸਣ ਤੇ ਸੁਭਾਏਮਾਨ ਆਪਣੇ ਮਹਿਬੂਬ ਸਤਿਗੁਰੂ ਜੀ ਨੂੰ ਨਤਮਸਤਕ ਹੋ ਕੀਰਤਨ ਦਾ ਅਨੰਦ ਮਾਣਿਆ। ਆਸਾ ਦੀ ਵਾਰ ਦੀ ਸਮਾਪਤੀ ਉਪਰੰਤ ਸ਼ਾਮ ਦਾ ਪ੍ਰੋਗਰਾਮ ਅਨਾਊਂਸ ਕੀਤਾ ਗਿਆ। ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸਾਧ ਸੰਗਤ 'ਚ ਲੰਗਰ ਵਰਤਾ ਕੇ ਸੇਵਾ ਕਰਨ ਦੀ ਪ੍ਰੇਰਨਾ ਦਿੱਤੀ।

ਇਸ ਮੇਲੇ ਦੌਰਾਨ ਏਥੇ ਦੇ ਨੌਜਵਾਨਾਂ ਦੇ ਹੱਥ ਹੀ ਸਾਰਾ ਪ੍ਰਬੰਧ ਸੀ, ਇਥੋਂ ਤਕ ਕਿ ਸਟੇਜ ਸਕੱਤਰ ਦੀ ਜ਼ੁੰਮੇਵਾਰੀ ਵੀ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਨੌਜਵਾਨਾਂ ਨੇ ਹੀ ਵਾਰੀ ਸਿਰ ਨਿਭਾਉਣੀ ਸ਼ੁਰੂ ਕੀਤੀ।

ਸ਼ਾਮ ਨੂੰ 6 ਤੋਂ 7 ਇਕ ਘੰਟਾ ਨਾਮ ਸਿਮਰਨ ਦੌਰਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਰਿਕਾਰਡ ਉਪਦੇਸ਼ ਸਾਧ ਸੰਗਤ ਨੇ ਸਰਵਨ ਕੀਤਾ। ਉਪਰੰਤ ਅਨਾਊਂਸਮੈਂਟ ਦੀ ਜ਼ੁੰਮੇਵਾਰੀ ਬੀਬੀ ਗੁਰਬਖਸ਼ ਕੌਰ ਮੁਕਤਾ ਨੇ ਸੰਭਾਲੀ ਤੇ ਸੰਤ ਬਲਦੇਵ ਸਿੰਘ ਤੇ ਸੰਤ ਹਰਪਾਲ ਸਿੰਘ ਭੌਲੀ ਦੇ ਸ਼ਗਿਰਦ ਬੱਚਿਆਂ ਨੇ ਸ਼ਬਦ ਸੁਣਾਕੇ ਸੱਚੇ ਪਾਤਸ਼ਾਹ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਜੋ ਇਸ ਪ੍ਰਕਾਰ ਹਨ-

**ਬੱਚੀ ਹਰਦੇਵ ਬਡਵਾਲ** ਨੇ ਸ਼ਬਦ ਸੁਣਾਇਆ-

*ਪਤਿਤ ਪਾਵਨ ਪ੍ਰਭ ਤੇਰੋ ਨਾਉ।।*

ਇਸ ਦੇ ਨਾਲ ਤਬਲੇ ਤੇ ਸੰਗਤ ਸੰਤ ਹਰਪਾਲ ਸਿੰਘ ਨੇ ਕੀਤੀ। ਕਾਕਾ ਹਰਵੀਰ ਸਿੰਘ ਨੇ ਤਬਲਾ ਸੋਲੋ ਇਕ ਤਾਲ ਵਜਾ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਬੱਚੀ ਅਵਨੀਤ ਕੌਰ ਐਂਬਰ ਤੇ ਆਸਾ ਸਿੰਘ ਦਾ ਸ਼ਬਦ ਸੀ-

***- ਮੇਰੇ ਲਾਲਨ ਕੀ ਸੋਭਾ।।***

ਇਹਨਾਂ ਨਾਲ ਵੀ ਤਬਲੇ ਤੇ ਸੰਗਤ ਸੰਤ ਹਰਪਾਲ ਸਿੰਘ ਨੇ ਕੀਤੀ।

**ਕਾਕਾ ਤੇਜਵੀਰ ਸਿੰਘ** ਨੇ ਸ਼ਬਦ ਸੁਣਾਇਆ-

***-ਹਰਿ ਕੋ ਨਾਮੁ ਸਦਾ ਸੁਖਦਾਈ।।***

ਬਾਅਦ ਵਿਚ ਇਕ ਤਰਾਨਾ ਪੇਸ਼ ਕੀਤਾ। ਤਬਲੇ ਤੇ ਸੰਗਤ ਕਾਕਾ ਮੇਹਰ ਸਿੰਘ ਨੇ ਕੀਤੀ।

ਉਪਰੰਤ ਹਜ਼ੂਰੀ ਰਾਗੀ ਸੰਤ ਬਲਵੰਤ ਸਿੰਘ ਤੇ ਹਰਪ੍ਰੀਤ ਸਿੰਘ ਸੋਨੂੰ ਨੇ ਕੀਰਤਨ ਕਰਕੇ ਇਕ ਨਿਵੇਕਲਾ ਰਸ ਬੰਨ੍ਹ ਦਿੱਤਾ। ਸ਼ਬਦ ਸਨ :

***- ਨਾਗਰ ਜਨਾਂ ਮੇਰੀ ਜਾਤਿ***
***ਬਿਖਿਆਤ ਚੰਮਾਰੰ।।***

***(ਭਗਤ ਰਵਿਦਾਸ,***
***ਰਾਗ ਗੌਂਡ ਮਲਾਰ ਝੱਪਤਾਲ)***

ਅਤੇ ਦੂਸਰਾ ਸ਼ਬਦ ਸੀ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਰਾਗ ਮਲਾਰ 'ਚ :



**ਸ੍ਰੀ ਮਾਤਾ ਚੰਦ ਕੌਰ ਜੀ ਦੀ ਹਥ ਨਾਲ ਬਣਾਈ ਤਸਵੀਰ ਸ੍ਰੀ ਸਤਿਗੁਰੂ ਜੀ ਨੂੰ ਭੇਟ ਕਰਦੀ ਇਕ ਬੱਚੀ।**

***-ਬਰਸੁ ਮੇਘ ਜੀ***
***ਤਿਲੁ ਬਿਲਮ ਨਾ ਲਾਉ।।***

ਹਜ਼ੂਰੀ ਰਾਗੀਆਂ ਨਾਲ ਹੋਰ ਸਹਿਯੋਗੀ ਸਨ ਸਰਵ ਸੰਤ ਗੁਰਮਖ ਸਿੰਘ, ਰਤਨ ਸਿੰਘ, ਹਾਕਮ ਸਿੰਘ, ਅਮਰੀਕ ਸਿੰਘ ਗਿਆਨ ਸਿੰਘ, ਬਘੇਲ ਸਿੰਘ ਤੇ ਸੰਤ ਬਲਦੇਵ ਸਿੰਘ।

**21 ਜੁਲਾਈ 2016** ਨੂੰ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹਜ਼ੂਰੀ ਰਾਗੀਆਂ ਨੇ ਆਪਣੇ ਸਹਿਯੋਗੀਆਂ ਨਾਲ ਅੰਮ੍ਰਿਤਮਈ ਆਸਾ ਦੀ ਵਾਰ ਦਾ ਕੀਰਤਨ ਅੰਮ੍ਰਿਤ ਵੇਲੇ 4 ਵਜੇ ਤੋਂ 6 ਵਜੇ ਤਕ ਕੀਤਾ। ਅਰਦਾਸ ਉਪਰੰਤ ਸ਼ਾਮ ਦਾ ਪ੍ਰੋਗਰਾਮ ਅਨਾਊਂਸ ਕੀਤਾ ਗਿਆ।

ਸ਼ਾਮ ਨੂੰ 5.30 ਤੋਂ 6.30 ਤਕ ਨਾਮ ਸਿਮਰਨ ਦੌਰਾਨ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸੰਤ ਨਿਸ਼ਾਨ ਸਿੰਘ ਨੇ ਆਪਣੀ ਕਥਾ ਦੁਆਰਾ 'ਸਤਿਗੁਰੂ ਹੀਰਾ ਸਰਵਰ ਮੋਤੀ' ਦੀ ਵਿਸਥਾਰ ਸਹਿਤ ਵਿਆਖਿਆ ਕਰਦਿਆਂ ਸਾਧ ਸੰਗਤ ਦੇ ਮਨਾਂ 'ਤੇ ਆਪਣੀ ਛਾਪ ਛੱਡੀ ਅਤੇ ਸਾਧ ਸੰਗਤ ਨੇ ਸੱਚੇ ਪਾਤਸ਼ਾਹ ਜੀ ਦੇ ਦਰਸ਼ਨ ਕਰਦਿਆਂ, ਨਾਮ ਸਿਮਰਨ ਕਰਦਿਆਂ ਕਥਾ ਦਾ ਅਨੰਦ ਮਾਣਿਆ। ਨਾਮ ਸਿਮਰਨ ਉਪਰੰਤ ਸੰਤ ਸੁਖਵਿੰਦਰ ਸਿੰਘ ਨੇ ਸੰਗੀਤਕਾਰਾਂ ਦੇ ਨਾਮ ਅਨਾਊਂਸ ਕਰਨੇ ਸ਼ੁਰੂ ਕੀਤੇ ਜਿਹਨਾਂ ਆਪਣੇ ਆਪਣੇ ਸ਼ਬਦ ਸੁਣਾਕੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। **ਮੰਨਤ ਕੌਰ, ਸਰਗੁਨ ਕੌਰ** ਤੇ **ਫਤੇ ਸਿੰਘ** ਦਾ ਸ਼ਬਦ ਸੀ :

***- ਨਾਨਕ ਕੀ ਪ੍ਰਭ ਬੇਨਤੀ***
***ਅਪਨੀ ਭਗਤੀ ਲਾਇ।।***

**ਅਵਜੋਤ ਸਿੰਘ, ਕੰਚਨਪ੍ਰੀਤ** ਤੇ **ਮਨਮੀਤ ਕੌਰ** ਦਾ ਸ਼ਬਦ ਸੀ :

***-ਬਿਸਰਿ ਗਈ ਸਭ ਤਾਤਿ ਪਰਾਈ।।***

**ਕਾਕਾ ਆਸਾ ਸਿੰਘ** ਤੇ **ਗੁਰਬਖਸ਼ ਸਿੰਘ** ਨਾਲ ਤਬਲੇ ਤੇ ਸੰਗਤ ਸੰਤ ਅਮਰੀਕ ਸਿੰਘ ਨੇ ਕੀਤੀ। ਇਹਨਾਂ ਦਾ ਸ਼ਬਦ ਸੀ :

**(ਬਾਕੀ ਸਫਾ 6 'ਤੇ)**

## ਗੁਰ ਉਪਦੇਸ਼

# ਸ੍ਰੀ ਸਤਿਗੁਰੂ ਉਦੈ ਸਿੰਘ ਜੀ

## ਸੱਚੇ ਪਾਤਸ਼ਾਹ ਜੀ ਦੇ ਉਪਦੇਸ਼ ਗੁਰਬਾਣੀ ਤੇ ਅਧਾਰਿਤ ਹੁੰਦੇ ਹਨ



*ਪਰਮ ਸਤਿਕਾਰਯੋਗ ਸਾਧ ਸੰਗਤ ਜੀ, ਤੁਸੀਂ ਗੁਰਬਾਣੀ ਦਾ ਕੀਰਤਨ ਸੁਣਿਆ, ਹਰਪਾਲ ਸਿੰਘ ਤੋਂ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਉਸਤਤ ਸੁਣੀ, ਇਕ ਵਾਰੀ ਸਾਰੇ ਬੜੇ ਪਿਆਰ ਨਾਲ ਆਖੀਏ ਧੰਨ ਸ੍ਰੀ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ। ਉਹਨਾਂ ਸੱਚੇ ਪਾਤਸ਼ਾਹ ਨੂੰ ਵੀ ਯਾਦ ਕਰੀਏ ਜਿੰਨਾਂ ਨੇ ਸਾਨੂੰ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਜੀ ਦੀ ਸਿੱਖੀ ਨੂੰ ਬੜੇ ਜ਼ੋਰ ਨਾਲ ਸਹੀ ਰੂਪ ਵਿਚ ਦ੍ਰਿੜਾਇਆ। ਜਿੰਨਾਂ ਦੀ ਉਸਤਤ ਤੁਸੀਂ ਹਰਪਾਲ ਸਿੰਘ ਕੋਲੋਂ ਸੁਣੀ। ਬੜੇ ਪਿਆਰ ਨਾਲ ਆਖੋ ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ।*

*ਸਾਧ ਸੰਗਤ ਜੀ, ਮੈਂ ਦੋ ਅਰਜ਼ਾਂ ਤੁਹਾਡੇ ਨਾਲ ਕਰਨਾ ਚਾਹੁੰਦਾ ਹਾਂ। ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਦੇ ਉਪਦੇਸ਼ ਸੁਣਦਿਆਂ ਬਹੁਤ ਚਿਰ ਤੋਂ ਮਨ ਵਿਚ ਆਉਂਦਾ ਰਿਹਾ ਕਿ ਜਿਹੜੇ ਨੌਜਵਾਨ ਨੇ, ਜਿੰਨਾਂ ਨੂੰ ਪੰਜਾਬੀ ਘੱਟ ਸਮਝ ਆਉਂਦੀ ਹੈ ਉਹਨਾਂ ਤਕ ਸੱਚੇ ਪਾਤਸ਼ਾਹ ਜੀ ਦੇ ਉਪਦੇਸ਼ ਕਿਵੇਂ ਪਹੁੰਚਣ। ਕਿਉਂਕਿ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਉਪਦੇਸ਼ ਸੁਣ ਕੇ ਸਿੱਖੀ ਪ੍ਰਾਪਤ ਹੁੰਦੀ ਏ। ਮੈਂ ਕਈ ਵਾਰੀ ਜ਼ਿਕਰ ਕੀਤਾ ਹੈ ਕਿ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਉਪਦੇਸ਼ ਗੁਰਬਾਣੀ ਤੇ ਆਧਾਰਿਤ ਹੁੰਦੇ ਹਨ। ਸੱਚੇ ਪਾਤਸ਼ਾਹ ਜੀ ਨੇ ਇਕ ਇਕ ਉਪਦੇਸ਼ ਵਿਚ ਤੀਹ-ਤੀਹ, ਚਾਲੀ-ਚਾਲੀ ਗੁਰਬਾਣੀ ਦੇ ਪ੍ਰਮਾਣ ਦਿਤੇ ਹੋਏ ਹਨ।*

*ਸਿਖੀ ਦਾ ਆਧਾਰ ਗੁਰਬਾਣੀ ਹੈ ਤੇ ਸਾਨੂੰ ਬੜੇ ਜ਼ੋਰ ਨਾਲ ਸਤਿਗੁਰੂ ਜਗਜੀਤ ਸਿੰਘ ਜੀ ਨੇ ਗੁਰਬਾਣੀ ਨਾਲ ਜੋੜਿਆ ਏ। ਨਾਮਧਾਰੀ ਜੀਵਨ ਕਿਸ ਤਰ੍ਹਾਂ ਬਤੀਤ ਕਰਦੇ ਹਨ, ਨਾਮਧਾਰੀ ਗੁਰੂ ਕਿਸ ਤਰ੍ਹਾਂ ਮੰਨਦੇ ਨੇ, ਨਾਮਧਾਰੀ ਨਾਮ ਕਿਸ ਤਰ੍ਹਾਂ ਜਪਦੇ ਨੇ ਉਹ ਸਭ ਕੁਝ ਗੁਰਬਾਣੀ ਮੁਤਾਬਿਕ ਕਰਦੇ ਨੇ। ਇਹ ਸਾਰਾ ਦੇਖ ਕੇ ਮਨ ਵਿਚ ਆਇਆ ਕਿ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਉਪਦੇਸ਼ ਇੰਗਲਿਸ਼ ਵਿਚ ਟਰਾਂਸਲੇਟ (ਅਨੁਵਾਦ) ਕੀਤੇ ਜਾਣ। ਕੁਝ ਨੌਜਵਾਨਾਂ ਨੇ ਖਾਸ਼ ਕਰਕੇ ਉਹਦੇ ਵਿਚ ਬਹੁਤ ਹਿੱਸਾ ਇੰਗਲੈਂਡ ਦੇ ਨੌਜਵਾਨਾਂ ਦਾ ਹੈ। ਪਹਿਲਾਂ ਸ੍ਰੀ ਭੈਣੀ ਸਾਹਿਬ ਸਾਡੇ ਕੋਲ ਸੱਚੇ ਪਾਤਸ਼ਾਹ ਜੀ ਦੀ ਸੇਵਾ ਵੀ ਕਰਦੇ ਸੀ, ਗੁਰਮੁਖ ਸਿੰਘ ਉਹਨਾਂ ਨੇ ਸ਼ੁਰੂ ਕੀਤੇ। ਉਸ ਤੋਂ ਬਾਅਦ ਤਰਨਜੀਤ ਸਿੰਘ, ਉਹਨਾਂ ਨੇ ਕੁਝ ਟਰਾਂਸਲੇਟ ਤੇ ਕੁਝ ਠੀਕ ਕੀਤੇ। ਫਿਰ ਗੁਰਮੁਖ ਸਿੰਘ ਰੂਪਰਾ ਉਹਨਾਂ ਨੇ ਇਹ ਫਾਈਨਲ ਰੂਪ ਦਿੱਤਾ। ਉਸ ਤੋਂ ਬਾਅਦ ਇਸ ਪੁਸਤਕ ਦੀ ਸੇਵਾ ਗੁਰਬਖਸ਼ ਰਾਜਾ, ਗੁਨਵਿੰਦਰ ਸਿੰਘ, ਗੁਰਬਖਸ਼ੀਸ਼ ਹੰਸਪਾਲ, ਸਰਬਜੀਤ ਸਿੰਘ, ਸੰਦੀਪ ਸਿੰਘ ਇਹਨਾਂ ਸਾਰੇ ਇੰਗਲੈਂਡ ਦੇ ਨੌਜਵਾਨਾਂ ਨੇ ਸੇਵਾ ਕੀਤੀ। ਇਸ ਪੁਸਤਕ ਵਿਚ ਸੱਚੇ ਪਾਤਸ਼ਾਹ ਜੀ ਦੇ ਉਪਦੇਸ਼ ਵੀ ਨੇ ਤੇ ਕੁਝ ਸੱਚੇ ਪਾਤਸ਼ਾਹ ਜੀ ਦੀਆਂ ਹਸਤ ਲਿਖਤ ਚਿਠੀਆਂ, ਜਿਨਾਂ ਦੀ ਫੋਟੋ ਕਾਪੀ ਵੀ ਛਾਪੀ ਏ ਉਹਨਾਂ ਦਾ ਟਰਾਂਸਲੇਸ਼ਨ ਵੀ ਕੀਤਾ ਹੋਇਆ ਏ।*

*ਇਸ ਤਰ੍ਹਾਂ ਹੋ ਜਾਂਦਾ ਸੀ ਅਸੀਂ ਸਾਰੇ ਸੱਚੇ ਪਾਤਸ਼ਾਹ ਦਾ ਪਿਆਰ ਲੈਣਾ, ਸੱਚੇ ਪਾਤਸ਼ਾਹ ਕੋਲ ਬੈਠ ਕੇ ਖੁਸ਼ੀ ਮਿਲਦੀ ਸੀ। ਉਹਨਾਂ ਕੋਲ ਰਹਿ ਕੇ ਤਾਂ ਖੁਸ਼ੀ ਮਿਲਣੀ ਹੀ ਮਿਲਣੀ ਏ। ਤੇ ਕਈ ਵਾਰ ਦਿਲ ਕਰਨਾ ਕਿ ਸੱਚੇ ਪਾਤਸ਼ਾਹ ਬਚਨ ਕਰਨ। ਇਸ ਤਰ੍ਹਾਂ ਹੋ ਗਿਆ ਸੀ ਕਿ ਸੱਚੇ ਪਾਤਸ਼ਾਹ ਜੀ ਹਰ ਵੇਲੇ ਜਾਂ ਤਾਂ ਨਾਮ ਜਪਦੇ ਰਹਿਣਾ ਜਾਂ ਪਾਠ ਕਰਦੇ ਰਹਿਣਾ। ਫਿਰ ਅਸੀਂ ਅਰਜ਼ ਕਰਨੀ, ਸੱਚੇ ਪਾਤਸ਼ਾਹ ਅਰਦਾਸ ਕਰਕੇ ਕਿਰਪਾ ਕਰੋ ਤੇ ਬਚਨ ਕਰੋ। ਹੱਸਣਾ, ਖੇਡਣਾ ਤੇ ਸੱਚੇ ਪਾਤਸ਼ਾਹ ਬਚਨ ਵੀ ਕਰਨੇ ਉਹ ਯਾਦ ਕਰਦਿਆਂ ਕਰਦਿਆਂ ਸੱਚੇ ਪਾਤਸ਼ਾਹ ਜੀ ਦੀਆਂ ਹਸਤ ਲਿਖਤਾਂ, ਸੱਚੇ ਪਾਤਸ਼ਾਹ ਜੀ ਦੀਆਂ ਲਿਖੀਆਂ ਹੋਈਆਂ ਚਿਠੀਆਂ ਤੇ ਇਹ ਸੱਚੇ ਪਾਤਸ਼ਾਹ ਜੀ ਦੇ ਉਪਦੇਸ਼ ਇਹ ਟਰਾਂਸਲੇਟ ਕੀਤੇ ਇੰਗਲਿਸ਼ ਵਿਚ।*

*ਉਪਦੇਸ਼ ਇਸ ਤਰ੍ਹਾਂ ਦੇ ਨੇ ਉਹ ਸਿਰਫ ਇਹ ਜ਼ਰੂਰੀ ਨਹੀਂ ਕਿ ਸਿੱਖਾਂ ਵਾਸਤੇ ਨੇ। ਤੁਸੀਂ ਕਿਸੇ ਵੀ ਆਪਣੇ ਦੋਸਤ ਮਿਤਰ ਨੂੰ ਦਿਓ। ਉਹਨਾਂ ਵਿਚੋਂ ਜਿਹੜਾ ਵੀ ਇਸ ਰਸਤੇ ਤੇ ਚਲਣਾ ਚਾਹੁੰਦਾ ਏ ਉਹਦੇ ਵਾਸਤੇ ਇਹ ਉਪਦੇਸ਼ ਉਪਯੋਗੀ ਹਨ। ਕਿਉਂਕਿ ਜਿਹੜੀ ਗੁਰਬਾਣੀ ਏ, ਗੁਰਬਾਣੀ ਸਿਰਫ ਸਿਖਾਂ ਵਾਸਤੇ ਨਹੀਂ, ਗੁਰਬਾਣੀ ਹਰ ਇਕ ਵਾਸਤੇ ਹੈ। ਗੁਰਬਾਣੀ ਨੇ ਤਾਂ ਕਿਤੇ ਇਹ ਵਿਤਕਰਾ ਨਹੀਂ ਪਾਇਆ ਕਿ ਭਲਾ ਸਿਰਫ ਸਿਖ ਦਾ ਹੀ ਹੋਏਗਾ। ਜਿਹੜਾ ਨਾਮ ਏ ਸਿਰਫ ਸਿਖ ਹੀ ਜਪ ਸਕਦਾ ਹੈ। ਜਿਹੜੀ ਮੁਕਤੀ ਏ, ਜਿਹੜਾ ਸਵਰਗ ਏ ਸਿਰਫ ਸਿੱਖ ਨੂੰ ਹੀ ਮਿਲੇਗਾ। ਗੁਰਬਾਣੀ ਇਹਨਾਂ ਸਾਰੇ ਵਿਤਕਰਿਆਂ ਤੋਂ ਉਪਰ ਏ। ਸੱਚੇ ਪਾਤਸ਼ਾਹ ਜੀ ਦੇ ਉਪਦੇਸ਼ ਵੀ ਗੁਰਬਾਣੀ ਤੇ ਆਧਾਰਿਤ ਹੁੰਦਿਆਂ ਹੋਇਆਂ ਇਹਨਾਂ ਸਾਰੇ ਵਿਤਕਰਿਆਂ ਤੋਂ ਉਪਰ ਨੇ। ਉਪਦੇਸ਼ ਸਰਬਤ ਦੇ ਭਲੇ ਵਾਸਤੇ ਨੇ।*

*ਇਸ ਪੁਸਤਕ ਨੂੰ ਜਿਹੜੇ ਨੌਜਵਾਨਾਂ ਨੇ ਇਹ ਰੂਪ ਦੇਣ ਵਿਚ ਸੇਵਾ ਕੀਤੀ ਏ ਉਹਨਾਂ ਦਾ ਬਹੁਤ ਬਹੁਤ ਧੰਨਵਾਦੀ ਹਾਂ। ਤੇ ਤੁਸੀਂ ਆਪਣੇ ਵਾਸਤੇ ਵੀ, ਆਪਣੇ ਦੋਸਤਾਂ ਵਾਸਤੇ ਵੀ ਇਹ ਪੁਸਤਕ ਪ੍ਰਬੰਧਕਾਂ ਕੋਲੋਂ ਪ੍ਰਾਪਤ ਕਰ ਸਕਦੇ ਹੋ। ਬਾਕੀ ਹਰਪਾਲ ਸਿੰਘ ਨੇ ਅਰਜ਼ ਕੀਤੀ ਏ ਇਥੇ ਦੋ ਤਿੰਨ ਦਿਨ ਰਹਾਂਗੇ। ਆਪਾਂ ਹੋਰ ਵੀ ਇਸ ਚੀਜ਼ ਤੇ ਵਿਚਾਰ ਕਰਾਂਗੇ, ਕਿਉਂਕਿ ਜਦੋਂ ਆਪਾਂ ਇਥੇ ਆਉਂਦੇ ਹਾਂ ਇਹ ਜ਼ਰੂਰੀ ਹੈ ਕਿ ਇਹ ਸਮਝ ਕੇ ਆਈਏ ਕਿ ਅਸੀਂ ਇਥੇ ਕਿਸ ਵਾਸਤੇ ਆਏ ਹਾਂ। ਨਾ ਤਾਂ ਆਪਾਂ ਇਥੇ ਫੋਟੋ ਖਿਚਣ ਵਾਸਤੇ ਆਏ ਹਾਂ, ਨਾ ਆਪਾਂ ਇਥੇ ਗਿਣਤੀ ਵਧਾਉਣ ਵਾਸਤੇ ਆਏ ਹਾਂ, ਆਪਾਂ ਇਥੇ ਇਸ ਵਾਸਤੇ ਆਏ ਹਾਂ ਕਿ ਅਸੀਂ ਨਾਮ ਨਾਲ ਤਾਂ ਜੁੜਨਾ ਹੈ। ਪਰ ਨਾਮ ਨਾਲ ਜੁੜਨ ਤੋਂ ਪਹਿਲਾਂ ਅਸੀਂ ਹਉਮੈ ਤੇ ਈਰਖਾ ਤਿਆਗ ਸਕੀਏ। ਕਿਉਂਕਿ ਇਹ ਦੋ ਉਹ ਚੀਜ਼ਾਂ ਨੇ ਜਿਨਾਂ ਨੂੰ ਅਪਣਾ ਕੇ ਅਸੀਂ ਸਿੱਖੀ ਦੇ ਰਸਤੇ ਤੇ ਨਹੀਂ ਚਲ ਸਕਦੇ। ਅਸੀਂ ਅਕਾਲ ਪੁਰਖ ਨਾਲ, ਸਤਿਗੁਰੂ ਦੇ ਚਰਨਾਂ ਨਾਲ ਨਹੀਂ ਜੁੜ ਸਕਦੇ ਜਿਨਾਂ ਚਿਰ ਸਾਡੇ ਵਿਚ ਮੈਂ, ਜਿਨਾਂ ਚਿਰ ਸਾਡੇ ਵਿਚ ਹੰਕਾਰ ਏ। ਜਦੋਂ ਅਸੀਂ ਹੰਕਾਰ ਤੇ ਈਰਖਾ ਛੱਡਦੇ ਹਾਂ ਤਾਂ ਹੀ ਸਾਨੂੰ ਸੁਖ ਹੁੰਦਾ ਏ। ਤਾਂ ਹੀ ਅਸੀਂ ਸਿਖੀ ਵਾਲੇ ਪਾਸੇ ਤੁਰ ਸਕਦੇ ਹਾਂ। ਤੇ ਇਸ ਕਰਕੇ ਜਦੋਂ ਆਪਾਂ ਇਥੇ ਆਉਂਦੇ ਹਾਂ ਇਹ ਆਪਣਾ ਸਾਰਿਆਂ ਦਾ ਫਰਜ਼ ਬਣਦਾ ਏ ਸਮੇਤ ਮੇਰੇ ਕਿ ਸਾਡਾ ਮਨ ਸ਼ੁੱਧ ਹੋਵੇ, ਕਿ ਸਾਡੇ ਮਨ ਵਿਚ ਕਿਸੇ ਵਾਸਤੇ ਈਰਖਾ ਨਾ ਹੋਵੇ। ਨਾਮ ਸਿਮਰਨ ਵਿਚ ਮਨ ਤਾਂ ਹੀ ਲਗੇਗਾ ਜਦੋਂ ਸਾਡੇ ਮਨ ਵਿਚ ਕਿਸੇ ਵਾਸਤੇ ਵੀ ਬੁਰਾ ਨਾ ਹੋਵੇਗਾ। ਜਦੋਂ ਅਸੀਂ ਕਿਸੇ ਦਾ ਬੁਰਾ ਚਿਤਵਦੇ ਹਾਂ ਤੇ ਸਾਰਿਆਂ ਤੋਂ ਪਹਿਲਾਂ ਕਿਥੇ ਅਸਰ ਹੁੰਦਾ ਏ, ਕਿਸ ਦਾ ਮਨ ਖਰਾਬ ਹੁੰਦਾ ਏ, ਕਿਸ ਦਾ ਨੁਕਸਾਨ ਹੁੰਦਾ ਏ? ਸਾਡਾ ਆਪਣਾ ਨੁਕਸਾਨ ਹੁੰਦਾ ਏ। ਕਿਸੇ ਦਾ ਨੁਕਸਾਨ ਨਹੀਂ ਹੁੰਦਾ, ਆਪਣਾ ਹੀ ਹੁੰਦਾ ਏ। ਜਦੋਂ ਆਪਾਂ ਕਿਸੇ ਦਾ ਚੰਗਾ ਚਿਤਵਦੇ ਹਾਂ ਤਾਂ ਸਾਰਿਆਂ ਤੋਂ ਪਹਿਲਾਂ ਤਾਂ ਭਲਾ ਆਪਣਾ ਹੀ ਹੁੰਦਾ ਹੈ। ਇਸ ਕਰਕੇ ਆਪਾਂ ਹੰਕਾਰ, ਈਰਖਾ ਇਹਨਾਂ ਚੀਜ਼ਾਂ ਤੋਂ ਉਪਰ ਉਠ ਜਾਈਏ। ਫਿਰ ਸਾਨੂੰ ਸਾਰੇ ਹੀ ਚੰਗੇ ਲਗਣਗੇ। ਤੇ ਫਿਰ ਅਸੀਂ ਬੜੇ ਸੌਖੇ ਸੌਖੇ ਹੋ ਜਾਂਦੇ ਹਾਂ। ਇਥੇ ਅਸੀਂ ਆਉਣਾ ਹੀ ਸੌਖੇ ਹੋਣ ਵਾਸਤੇ ਹੈ। ਇਥੇ ਅਸੀਂ ਆਉਣਾ ਹੀ ਸੱਚੇ ਪਾਤਸ਼ਾਹ ਦੇ ਹੁਕਮ ਸੁਣਨ ਵਾਸਤੇ ਹੈ। ਇਥੇ ਅਸੀਂ ਆਉਣਾ ਹੀ ਗੁਰਬਾਣੀ ਨੂੰ ਸੁਣਨ ਵਾਸਤੇ ਹੈ। ਸੱਚੇ ਪਾਤਸ਼ਾਹ ਕਿਰਪਾ ਕਰਨ ਆਪਾਂ ਸਾਰੇ ਹੀ ਅਰਦਾਸ ਕਰੀਏ ਕਿ ਬਖਸ਼ਸ਼ ਕਰਨ ਉਹਨਾਂ ਦੇ ਉਪਦੇਸ਼ ਤੇ ਅਸੀਂ ਚਲ ਸਕੀਏ। ਅਸੀਂ ਉਹਨਾਂ ਦੇ ਹੁਕਮ ਮੰਨ ਸਕੀਏ ਕਿਉਂਕਿ ਉਹਨਾਂ ਦੇ ਹੁਕਮ ਮੰਨਣ ਨਾਲ ਹੀ ਸਾਨੂੰ ਸੱਚਾ ਸੁਖ ਹੋ ਸਕਦਾ ਹੈ। ਮੈਂ ਇੰਨ੍ਹੀ ਅਰਜ਼ ਕਰਕੇ ਆਗਿਆ ਲੈਂਦਾ ਹਾਂ।*

*-ਕਨੇਡਾ, 22 ਜੁਲਾਈ 2016*

# श्री सद्गुरु प्रताप सिंह जी : जीवन एवम् महान् व्यक्तित्व

✍ डा. सतवंत कौर मठारु



गुरु नानक गद्दी के चौदहवें गुरु श्री सद्गुरु प्रताप सिंह जी ने इस जग में अवतरित होकर श्री भैणी साहिब जी की धरती को धन्य किया तथा उसे अंग्रेजों के कड़े पहरे से मुक्त कराया। आप अलौकिक शक्तियों के धारक थे और एक युग पुरष के रुप में प्रगट हुये। आप सम्पूर्ण ज्ञान, सम्पूर्ण वैराग्य तथा प्रचण्ड प्रताप वाले सरगुणस्वरुप थे। आपका व्यक्तित्व बहुत प्रभावशाली था। आप घुड़सवारी और संगीत कला में अत्याधिक रुचि रखते थे। सन् १९०६ ई. को सोलह वर्ष की आयु में गुरुगद्दी पर आसीन हुये।

**धर्म प्रचार-** सद्गुरु जी ने श्री सद्गुरु राम सिंह जी द्वारा स्थापित नामधारी पंथ के मूल सिद्धान्तों का प्रचार किया। आप ने गुरुबाणी कीर्तन तथा नाम सिमरन को मनुष्य जीवन का विशेष एवम् आवश्यक अंग समझा। आपने शुद्ध स्वच्छ साधारण जीवन व्यतीत करने तथा शाकाहारी भोजन पर अधिक बल दिया। बाजार की बनी खाद्य–वस्तुओं का सेवन तथा नशीले पदार्थो का सेवन करना नामधारियों के लिए वर्जित था। आपने संगत को सादा श्वेत रंग के नामधारी पहरावे पहनने पर बल दिया। सद्गुरु जी जब संगत में आकर दिव्य दर्शन देते तो आपका सुसज्जित दरबार स्वर्गीय द श्य का रुप धारण कर लेता।

**विशेष कार्य-** श्री सद्गुरु प्रताप सिंह जी ने सन् १९३८ ई. में श्री भैणी साहिब में तथा सन् १९४७ ई. को जीवन नगर में भजन बन्दगी, हवन यज्ञ तथा जप प्रयोग की ज्योति जगाई तथा भूली बिसरी इस दुनियां को सत्य मार्ग दिखाने के लिये नाम सिमरन का प्रवाह चलाया।

**लोक हित कार्य-** सद्गुरु जी ने जररुत मंदों, अकाल पीड़ित तथा गरीब लोगों की दिल खोलकर सहायता की। श्री भैणी साहिब में विशेष पाठशाला की स्थापना की। इस पाठशाला में विद्यार्थी को अध्यात्मिक शिक्षा, संगीत शिक्षा, पंजाबी भाषा की शिक्षा के साथ–साथ अन्य भाषाओं व कलाओं की शिक्षा प्रदान की जाती। छात्रों के खेलने का भी ध्यान रखा गया। उन्हें उच्च शिक्षा दी जाती। पाठशाला के लिए योग्य व अनुभवी अध्यापकों की नियुक्ती की जाती। आपने पंजाबी भाषा की प्रगति के लिए आर्थिक सहयोग दिया। अधिवेशनों व सम्मेलनों में भाग लेने के लिए सिखों को प्रेरित किया करते थे। आपके दरबार में साहित्यकारों, कलाकारों तथा संगीतकारों का विशेष सम्मान होता। आप जब कीर्तन करते तो संगत मंत्र मुग्ध हो जाती। देश विभाजन के समय आपने कई लोकहित कार्य किये। देश की स्वतंत्रता के लिए पंडित जवाहर लाल नेहरु को पूरा सहयोग दिया। श्री सद्गुरु प्रताप सिंह जी ने पशु धन के महत्व पर विशेष बल दिया। गउओं की सेवा व सुरक्षा को अपना पर्म धर्म समझा। आपके अस्तबल में बढ़िया से बढ़िया नस्ल के व स्वस्थ घोड़े थे। गउशाला में भी अच्छी नस्ल की गउएं थी। आपकी कीर्ति दूर दूर तक फैली हुई थी। आत्म विश्वास और और साहस कूट कूट कर भरा हुआ था विदेशों में जाकर भी आपने लोकहित कार्य में सहयोग दिया।

**अन्त समय-** आप मण्डी हिमाचल प्रदेश तथा आस पास के क्षेत्रों का दौरा करके वापिस श्री भैणी साहिब आये तो आपका स्वास्थय बिगड़ गया। अन्त 22 अगस्त पांच भादों 1959 ई. की रात्रि को 12H02 बजे श्री सद्गुरु प्रताप सिंह जी इस म त्यु लोक से पंच तत्वों से निर्मित शरीर को त्याग कर ब्रहमलोक की और प्रस्थान किया। यह दुखद समाचार विद्युत लहर की भांति पूरे नामधारी समाज में फैल गया। सद्गुरु जी के अन्तिम दर्शन के लिये दूर दूर से लोग आये थे। यह वियोग स्थिति संगत के लिए अति असहनीय थी। ■

# SATGURU PARTAP SINGH JI

On 17th May 1906, Satguru Partap Singh became the Head of the Namdhari Sikhs. Under his dynamic leadership, the Namdhari Movement gained momentum. Satguru Partap Singh became a powerful messenger of peace for humanity and an outstanding promoter of justice, truthfulness and courage.

The flame of struggle for independence lit by Satguru Ram Singh was kept burning by Satguru Partap Singh till the country achieved its independence. He decided to give support to the Congress party because it adopted the ideology of Kuka Movement for achieving the Independence of India.

Satguru Partap Singh was born in Sri Bhaini Sahib on 9th March 1890 (corresponding to Chet Vadi Teej of 1946 Bikrami) to Mata Jivan Kaur Ji. Naming him Partap (Glorious) Singh, Satguru Hari Singh pronounced: “He will possess an amazing ecclesiastical personality and will be a great spiritual mentor and prominent luminary in the field of religion”.

In 1909 he got married to Mata Bhupinder Kaur, and had two sons, Beant Ji (Sri Satguru Jagjit Singh) and Ballo Ji (Maharaj Bir Singh).

The young Satguru Partap Singh showed an amazing capacity of memorizing Gurbani and by the age of seven he could recite most of the scriptures and historical books by heart. It is said that He could memorize one Asht Padi of Sukhmani Sahib during a horse ride of one mile. Satguru Hari Singh once said, “Partap Singh does not require any teaching, He is born with all the knowledge.”

Satguru Ji was always in favor of banning cow slaughter in India. His devotion to this cause was illustrated when in 1937, the British government decided to open butcheries equipped with the modern machines. He prayed to the Almighty through a grand Havan Yagya. For 14 days, five hundred sikhs chanted Chandi-Di-Var composed by Guru Gobind Singh 125,000 times. With the completion of the grand Havan Yagya the British government, announced the cancellation of their plan to open the slaughter house. Such was Sri Satguru Partap Singh’s spiritual supremacy.

Satguru Partap Singh generosity was unsurpassed. When refugees fled Pakistan after independence Satguru Ji provided them shelter, food, clothing and all other amenities. He distributed agricultural land free of cost to a large number of landless tillers. Satguru Partap Singh always gave a warm welcome to guests and showered his pious blessings upon them. When Dr. Rajindra Prasad went to him, Satguru Ji gave him 500 yards of Khadi, 100 maunds of wheat for the earthquake sufferers of Bihar. When Pandit Jawaharlal Nehru visited Sri Bhaini Sahib, Satguru Ji gave him 200 bags of rice for the draught stricken people of Bengal. In 1956, he distributed food, and clothes to the flood stricken people of Punjab and other parts of the country.

The weekly Satjug paper was started in 1920, the means of communication and publicizing the activities of the Namdhari freedom struggle. Maharaj Gurdial Singh, the youngest brother of Satguru Partap Singh played a key role in publishing the sacrifices of the Namdhari Sikhs. Sant Nidhan Singh Alam and Sant Inder Singh Chakravarty were the other notable literary figures, who joined hands with Maharaj Gurdial Singh in writing and publishing the Namdhari History. This process of writing attracted writers like Sant Taran Singh Vehmi, Sant Kalah Singh, Sant Chanda Singh, Sant Bishan Singh Historian, Sant Mangal Singh Lyallpuri, Dr. Amar Bharti, Master Nihal Singh, Kavi Pritam Singh, Shri Pritam Singh Panchi and many others. As a result of their hard work and research, many a notable books are now available for the readers.

Satguru Partap Singh left for his heavenly abode on 22nd August, 1959 and Satguru Jagjit singh Ji ascended the Gur-Gaddi.

-**H.S. Hanspal**

# ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ... (ਬਾਕੀ ਸਫਾ 2 ਦੀ)

ਅੱਜ ਅਸੀਂ ਭੁੱਲ ਗਏ ਹਾਂ – ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਤਾਕੀਦ ਨੂੰ ਕਿ ਘੱਟ ਤੋਂ ਘੱਟ ਨਲਕੇ ਦਾ ਪਾਣੀ ਨਾਮਧਾਰੀ ਸਿੱਖ ਤਾਂ ਨਾਂ ਪੀਣ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੀ ਸਾਨੂੰ ਬਾਜ਼ਾਰੀ ਖਾਣਾ ਖਾਣ ਤੋਂ ਮਨ੍ਹਾਂ ਕਰਦੇ ਹੀ ਰਹਿੰਦੇ ਸਨ। ਪਰ ਅਫਸੋਸ ਹੈ ਅੱਜ ਦੀ ਸਿੱਖੀ ਦੀ ਰਹੁ ਰੀਤਾਂ ਵੇਖ ਕੇ ਬਿਨਾਂ ਮਰਯਾਦਾ ਵਾਲੇ ਦੇ ਹੱਥੋਂ ਜਿਨ੍ਹਾਂ ਭਜਨ ਨਹੀਂ ਲਿਆ ਹੁੰਦਾ, ਜੰਗਲ ਪਿਸ਼ਾਬ ਕਰ ਹੱਥ ਵੀ ਨਹੀਂ ਧੋਂਦੇ। ਪੰਜ ਸੱਤ ਵਾਰ ਮਿੱਟੀ ਨਾਲ ਹੱਥ ਮਾਂਜਣੇ ਤਾਂ ਇਕ ਪਾਸੇ ਰਹੇ ਅਤੇ ਤਲੀਆਂ ਝੱਸ ਝੱਸ ਕੇ ਜ਼ਰਦਾ ਮਲਦਿਆਂ ਹੀ ਖਾਣਾ ਬਣਾਉਂਦੇ ਰਹਿੰਦੇ ਹਨ। ਅਜਿਹੇ ਅਪਵਿੱਤਰ ਹੱਥਾਂ ਦੀਆਂ ਬਣੀਆਂ ਚੀਜਾਂ ਖਾਂਦੇ ਹਨ। ਨਾਮ ਸਿਮਰਨ ਵਿਚ ਬਿਰਤੀ ਕਿਵੇਂ ਲੱਗੇ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਉਪਦੇਸ਼ਾਂ ਅਨੁਸਾਰ ਸੁੱਚ ਸੋਧ ਦੀ ਮਰਯਾਦਾ ਨੂੰ ਅਪਣਾਈਏ ਅਤੇ ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਦੇ ਪਾਤਰ ਬਣ ਆਪਣਾ ਜਨਮ ਸਫਲਾ ਕਰੀਏ। ■

# Discourse-Sri Satguru Jagjit Singh Ji

# FOREWORD



HIS HOLINESS SRI SATGURU JAGJIT SINGH JI

His holiness Sri Satguru Jagjit Singh Ji, the supreme spiritual head of Namdhari Sikhs from 1959 to 2012, was a limitless personality who travelled the globe spreading the message of Sikhi. He encouraged everyone to rise above religious boundaries, eschew unnecessary ritualistic practices and ultimately unite with the Almighty Lord. Satguru Ji practiced the philosophy of Sri Satguru Nanak Dev Ji and preached it through individual interactions and His profoundly enlightening discourses.

In addition to His supreme spirituality, Satguru Ji was a great social reformer who encouraged Namdharis all over to adopt simplicity in all aspects of their daily lives, including the celebration of special occasions. As a result, Namdhari weddings are renowned for their simplicity with no pre or post wedding formalities. Furthermore, to eliminate the practice of dowry, Satguru Ji encouraged young couples to take vows of not demanding or accepting dowries. He was also keen to enhance the welfare of the youth and established the Satguru Partap Singh Academy in Sri Bhaini Sahib, thus making education accessible to thousands of young children in the region.

Continuing on the path of Sri Satguru Ram Singh Ji, He worked relentlessly for the upliftment of women. Female infanticide was strictly forbidden (an act which was prevalent amongst many north Indian communities) and an effect of this, the gender ratio amongst Namdhari Sikhs has been maintained at close to perfect. Women were also encouraged to take an active part in classical music and religious congregations.

Classical music was a passion of Satguru Ji's. He encouraged and promoted Indian classical music in its purest form, not only within Namdharis, but also amongst the wider breadth of people He interacted with. Numerous *sangeet samelans* were organiesd in memory of His father, Sri Satguru Partap Singh Ji, where celebrated and budding Indian musicians participated and sought blessings from Satguru Ji. His persona and charisma on the music front was so illuminating that prominent musicians of India felt privileged to perform in Satguru Jagjit Singh Ji's holy presence. An accomplished vocalist and dilruba player himself, Satguru Ji was consummate in His knowledge of *ragas* and *talas* and produced numerous compositions, most of which were spontaneously composed. Satguru Ji was also at the forefront of preserving and promoting a wealth of traditional compositions from *rababis* of Punjab and keeping gurmat kirtan in its purest possible form. He encouraged music among the youth and propelled students to prominent musicians to learn from and to then contribute in *gurmat kirtan diwans.*

Satguru Ji had a special affection towards the youth, as He believed they were the key to the future progressions of any community. Youngsters also felt a special bond with him, with many developing closer bonds with Satguru Ji than their own parents. He preached the mantra of health and fitness as being beneficial, even for meditation. An avid sports fan, He encouraged the youth to take up sports and other activities whilst practicing the tenets of Sikhi. As a result of this, a successful hockey academy was established, which has consistently produced some of the best teams in India with many players going on to represent India at the international stage. The Namdhari Hockey team, as part of Satguru Ji's vision, is also recognised for its distinctly Sikh uniform incorporating the *dastaar* and *kashera*.

He made an immense contribution towards the development of agriculture among Namdhari Sikhs. *Sri Jiwan Nagar* was an arid and undeveloped area in the 1950s; however, today it is regarded as one of the most agriculturally developed regions in the country. Satguru Ji promoted the successful cultivation of oranges, grapes and other fruits, many of which were considered as unsuitable for the local conditions at the time. He also distributed land to the needy in other areas of Northern India including Haryana and Punjab, thus ensuring the welfare of the Sikhs was addressed. His holiness also inspired and blessed the establishment of Namdhari Seeds in Bangalore, Karnataka.

Reflecting upon the words of Satguru Ji and embedding them into our daily lives can enable us to attain that inner peace which is perceived to be elusive for so many. This inner peace changes our perspective and naturally generates a positive energy in our surrounding and within us. The discourses of His Holiness revolve around *Gurbani* and explain its philosophy with easy examples so they comprehensible to all.

The concept of this translation came to mind as a large number of the younger generation are unable to understand Punjabi. Satguru Ji emphasised the importance of learning Punjabi for every Sikh, so that they can aid their interpretation of *Gurbani*; without which understanding the nuances Sikhi can be difficult.

In short, Satguru Ji led by example and preached how one experiences the stage of enlightenment through detachment whilst continuing to shoulder the daily responsibilities of their life. The discourses given by Satguru Ji are not bound to practicing Sikhs alone, they are equally relevant for all as Satguru Ji's goal was to join each person to that one Almighty Lord.

This was a challenging task due to the difficulty of translating the nuances of spirituality and Gurbani in another language. I acknowledge the dedication of the many individuals who assisted in translating and piecing together these discourses of Sri Satguru Jagjit Singh Ji.

***-Sri Satguru Uday Singh Ji***

# ਸ੍ਰੀ ਸਤਿਗੁਰੂ ਜੀ ਦਾ ਟਰਾਂਟੋ ਦੌਰਾ ਸੰਪੰਨ..

(ਬਾਕੀ ਸਫਾ 2 ਦੀ)

***- ਦਰਸਨੁ ਦੇਖਿ ਜੀਵਾ ਗੁਰ ਤੇਰਾ।।***

**ਬੱਚੀ ਗੁਰਬਖਸ਼ ਕੌਰ ਮੁਕਤਾ** ਨਾਲ ਤਬਲੇ ਤੇ ਸੰਗਤ ਸੰਤ ਹਰਪਾਲ ਸਿੰਘ ਨੇ ਕੀਤੀ। ਇਸਦਾ ਸ਼ਬਦ ਸੀ :

***- ਰਾਮ ਰਾਮ ਬੋਲਿ ਬੋਲਿ***
***ਖੋਜਤੇ ਬਡਭਾਗੀ।।***

**ਨੌਜਵਾਨ ਦਰਸ਼ਨ ਸਿੰਘ** ਤੇ **ਈਸ਼ਰ ਸਿੰਘ** ਨਾਲ ਤਬਲੇ ਤੇ ਸੰਗਤ **ਦਰਸ਼ਨ ਸਿੰਘ ਪਨੇਸਰ** ਨੇ ਕੀਤੀ ਸ਼ਬਦ ਸੀ :

***- ਸੇ ਉਧਰੇ ਜਿਨ ਰਾਮ ਧਿਆਏ***
***ਜਤਨ ਮਾਇਆ ਕੇ ਕਾਮਿ ਨ ਆਏ।***

**ਬੱਚੀ ਦਇਆ ਕੌਰ** ਤੇ **ਰਵਨੀਤ ਕੌਰ** ਅਤੇ **ਬੀਬੀ ਸੁਖਵਿੰਦਰ ਕੌਰ** ਦਾ ਸ਼ਬਦ ਸੀ :

***-ਹਰਿ ਚਰਨ ਸਰਨ ਗੋਬਿੰਦ ਦੁਖ ਭੰਜਨਾ***
***ਦਾਸ ਅਪੁਨੇ ਕਉ ਨਾਮੁ ਦੇਵਹੁ।।***

ਨੌਜਵਾਨ **ਬਿਬੇਕ ਸਿੰਘ** ਨੇ ਦਿਲਰੁਬਾ ਨਾਲ ਸ਼ਬਦ ਗਾਇਨ ਕੀਤਾ :

***- ਗੁਰਿ ਦੁਖੁ ਕਾਟਿਆ ਦੀਨੋ ਦਾਨੁ।।***

ਇਸ ਨਾਲ ਤਬਲੇ ਤੇ ਸੰਗਤ ਕਾਕਾ ਮੇਹਰ ਸਿੰਘ ਨੇ ਕੀਤੀ।

**ਕਾਕਾ ਦਰਸ਼ਨ ਸਿੰਘ** ਤੇ **ਆਸਾ ਸਿੰਘ** ਨੇ ਸ਼ਬਦ ਗਾਇਨ ਕੀਤਾ :

***- ਰਾਮ ਰਾਮ ਬੋਲਿ ਬੋਲਿ***
***ਖੋਤਜੇ ਬਡਭਾਗੀ।।***

ਸੰਤ ਅਮਰੀਕ ਸਿੰਘ ਰਾਗੀ ਨਾਲ ਤਬਲੇ ਤੇ ਸੰਗਤ ਸੰਤ ਹਰਪਾਲ ਸਿੰਘ ਨੇ ਕੀਤੀ। ਉਹਨਾਂ ਦਾ ਸ਼ਬਦ ਸੀ :

***- ਪ੍ਰਭੁ ਜੂ ਤੋ ਕਹਿ ਲਾਜ ਹਮਾਰੀ।।***

**ਬੀਬੀ ਕੀਰਤ ਕੌਰ, ਰਮਿੰਦਰ ਕੌਰ** ਤੇ **ਈਸ਼ਰ ਕੌਰ** ਤਿੰਨਾਂ ਭੈਣਾਂ ਨੇ ਸ਼ਬਦ ਸੁਣਾ ਕੇ ਆਪਣੀ ਹਾਜ਼ਰੀ ਲਵਾਈ। ਸ਼ਬਦ ਸੀ :

***- ਨਸਿ ਵੰਞਹੁ ਕਿਲ ਵਿਖਹੁ***
***ਕਰਤਾ ਘਰਿ ਆਇਆ।।***

ਇਹਨਾਂ ਨਾਲ ਤਬਲੇ ਤੇ ਸੰਗਤ ਸੰਤ ਹਰਪਾਲ ਸਿੰਘ ਨੇ ਕੀਤੀ।

ਨੌਜਵਾਨ **ਦਰਸ਼ਨ ਸਿੰਘ ਪਨੇਸਰ** ਨੇ ਬੰਦਸ਼ ਸੁਣਾਈ :

*- ਭਜ ਭਜ ਰੇ ਨਰ ਬੰਦੇ।*

ਸ੍ਰੀ ਸਤਿਗੁਰੂ ਜੀ ਨੇ ਆਪਣੇ ਹਸਤ ਕੰਵਲਾਂ ਦੁਆਰਾ ਸਾਰੇ ਸੰਗੀਤਕਾਰਾਂ ਨੂੰ ਜਿਨਾਂ ਕਲ੍ਹ ਜਾਂ ਅੱਜ ਸ਼ਬਦ ਸੁਣਾਏ 1-1 ਮਾਲਾ ਦੇ ਕੇ ਉਤਸ਼ਾਹਿਤ ਕੀਤਾ। ਇਸ ਤੋਂ ਇਲਾਵਾ ਇਥੋਂ ਦੇ ਨਿਰੰਕਾਰੀ ਮੰਡਲ ਤੋਂ ਆਏ ਸ੍ਰੀ ਦੇਵਿੰਦਰ ਜੀ ਅਤੇ ਸ੍ਰੀ ਹਰਮਿੰਦਰ ਜੀ ਬਾਰੇ ਪ੍ਰਧਾਨ ਹਰਜੀਤ ਸਿੰਘ ਨੇ ਜਾਣਕਾਰੀ ਦਿਤੀ ਅਤੇ ਸ੍ਰੀ ਸਤਿਗੁਰੂ ਜੀ ਨੇ ਇਹਨਾਂ ਨੂੰ ਆਪਣੇ ਹਸਤ ਕੰਵਲਾਂ ਦੁਆਰਾ ਸਿਰੋਪਾ ਦੇ ਕੇ ਮਾਣ ਬਖਸ਼ਿਆ।

**22 ਜੁਲਾਈ 2016** ਨੂੰ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹਜ਼ੂਰੀ ਰਾਗੀਆਂ ਦੁਆਰਾ ਕੀਤਾ ਗਿਆ। ਕੁਝ ਸ਼ਬਦ ਸਨ :

*- ਹੈ ਕੋਈ ਜੋ ਹਉਮੈ ਤੇਰੇ।।*
*- ਮੂਰਤ ਕਉ ਬਲਿ ਜਾਉ*
*ਗੁਰੂ ਜਗਜੀਤ ਸਿੰਘ ਦੀ।*

ਸ਼ਾਮ ਨੂੰ 6 ਤੋਂ 7 ਨਾਮ ਸਿਮਰਨ ਦੌਰਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਉਪਦੇਸ਼ ਸਾਧ ਸੰਗਤ ਨੇ ਸਰਵਣ ਕੀਤਾ। ਉਪਰੰਤ ਕੀਰਤਨ ਵਿਚ ਸੰਤ ਬਲਵੰਤ ਸਿੰਘ ਨੇ ਰਾਗ ਹਮੀਰ 'ਚ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਬਣਾਈ ਕੰਪੋਜੀਸ਼ਨ 11 ਮਾਤਰਾ ਦੇ ਵਿਚ ਗਾਈ।

*- ਮੇਰੇ ਪ੍ਰੀਤਮ ਪਿਆਰੇ*
*ਮਾਨ ਕਰਉ ਤੁਧ ਉਪਰੇ।।*

ਉਪਰੰਤ ਸ਼ਬਦ ਸੁਣਾਇਆ :

*- ਮੇਰੇ ਸਤਿਗੁਰਾ ਮੈਂ ਤੁਝ*
*ਬਿਨੁ ਅਵਰੁ ਨ ਕੋਇ।।*

**ਸੰਤ ਹਰਪਾਲ ਸਿੰਘ ਸੇਵਕ** ਨੇ ਆਪਣੀ ਸਪੀਚ ਦੇ ਕੇ ਸਾਧ ਸੰਗਤ ਨੂੰ ਸਿੱਖ ਇਤਿਹਾਸ ਨਾਲ ਜੋੜਦਿਆਂ ਦੱਸਿਆ ਕਿ ਗੁਰੂ ਹਰਿਰਾਏ ਜੀ ਦੇ ਸਮੇਂ ਇਕ ਸਿਖ ਭਾਈ ਗਉਰਾ ਜੀ ਹੋਏ ਹਨ ਜਿਸਨੂੰ ਗੁਰੂ ਜੀ ਵਲੋਂ ਇਕ-ਇਕ ਗਿਣਕੇ 101 ਸਰਾਫ ਦਿਤੇ ਗਏ, ਫਿਰ ਇਕ ਇਕ ਕਰਕੇ ਹਟਾਏ ਵੀ ਪਰ ਉਸਨੇ ਅਰਜ਼ ਕੀਤੀ ਕਿ ਇਕ ਰਹਿਣ ਦਿਓ ਤਾਂਕਿ ਸਾਧ ਸੰਗਤ ਨੂੰ ਪਤਾ ਲਗ ਸਕੇ ਕਿ ਸਤਿਗੁਰੂ ਜੀ ਦਾ ਬਚਨ ਖਾਲੀ ਨਹੀਂ ਜਾਂਦਾ। ਉਹ ਸੀ ਫਾਹੇ ਲਗਣ ਦਾ ਜੋ ਉਸੇ ਤਰ੍ਹਾਂ ਹੀ ਹੋਇਆ। ਭਾਈ ਸੰਤੋਖ ਸਿੰਘ ਨੇ ਲਿਖਿਆ ਹੈ :

***- ਸਿਖਨ ਕੋ ਇਮ ਹੀ ਬਣ ਆਵੇ।।***

ਏਸੇ ਤਰ੍ਹਾਂ ਅਗੇ ਹਰਪਾਲ ਸਿੰਘ ਨੇ ਦੱਸਿਆ ਕਿ ਇਕ ਵੇਰ ਮੈਂ ਤੇ ਵਰਤਮਾਨ ਸਤਿਗੁਰੂ ਉਦੈ ਸਿੰਘ ਜੀ, ਸਤਿਗੁਰੂ ਜਗਜੀਤ ਸਿੰਘ ਜੀ ਦੀ ਕੋਠੀ ਦੇ ਬਾਹਰ ਹਰੀ ਮੰਦਰ ਵਾਲੇ ਪਾਸੇ ਖਲੋਤੇ ਹੋਏ ਸੀ। ਸਤਿਗੁਰੂ ਜਗਜੀਤ ਸਿੰਘ ਜੀ ਕੋਠੀ ਚੋਂ ਨਿਕਲਕੇ ਹਰੀ ਮੰਦਰ ਕੋਲੋਂ ਦੀ ਪ੍ਰਤਾਪ ਮੰਦਰ ਵਾਲੇ ਪਾਸੇ ਲੰਘ ਕੇ ਚਲੇ ਤਾਂ ਬਚਨ ਕੀਤਾ (ਸਤਿਗੁਰੂ ਉਦੈ ਸਿੰਘ ਜੀ ਵਾਸਤੇ) ਕਿ ਮੈਂ ਅਰਜ਼ ਕਰਾਂਗਾ, ਸਤਿਗੁਰੂ ਰਾਮ ਸਿੰਘ ਜੀ ਅਗੇ ਤੇਰੇ ਸਿਰ ਤੇ ਹੱਥ ਰੱਖਣ। ਉਹ ਸਤਿਗੁਰਾਂ ਦਾ ਕੀਤਾ ਬਚਨ ਪ੍ਰਤੱਖ ਸਾਬਤ ਹੋਇਆ ਹੈ।

ਉਹਨਾਂ ਹੋਰ ਕਿਹਾ ਕਿ ਸਤਿਗੁਰੂ ਜਗਜੀਤ ਸਿੰਘ ਜੀ ਦੇ ਉਪਦੇਸ਼ ਹਰ ਨਾਮਧਾਰੀ ਤਕ ਪਹੁੰਚਣੇ ਚਾਹੀਦੇ ਹਨ ਜਿਨਾਂ ਨੂੰ ਪੰਜਾਬੀ ਨਹੀਂ ਆਉਂਦੀ ਉਹਨਾਂ ਲਈ ਇੰਗਲਿਸ਼ ਵਿਚ ਕਿਤਾਬ ਤਿਆਰ ਕੀਤੀ ਗਈ ਹੈ ਇਸਨੂੰ ਹਰ ਕੋਈ ਪੜ੍ਹੇ ਕਿਉਂਕਿ ਸੱਚੇ ਪਾਤਸ਼ਾਹ ਦੇ ਉਪਦੇਸ਼ ਹਰ ਇਕ ਵਾਸਤੇ ਸਭ ਤੋਂ ਉਪਰ ਹਨ। ਉਹਨਾਂ ਕਿਹਾ ਕਿ ਅਸੀਂ ਇਥੇ ਸਤਿਗੁਰੂ ਦੇ ਦਰਸ਼ਨ ਕਰਨ ਕਿਉਂ ਆਉਂਦੇ ਹਾਂ? ਤਾਂਕਿ ਸਾਡਾ ਮਨ ਸ਼ੁੱਧ ਹੋਵੇ। ਹਉਮੈ ਤੇ ਈਰਖਾ ਤਿਆਗੇ ਬਿਨਾਂ ਮਨ ਸ਼ੁੱਧ ਨਹੀਂ ਹੋ ਸਕਦਾ। ਸੋ ਹਉਮੈ ਤੇ ਈਰਖਾ ਦਾ ਤਿਆਗ ਕੀਤਾ ਜਾਵੇ। ਜੋ ਸਭ ਤੋਂ ਪਹਿਲਾਂ ਸਾਡਾ ਆਪਣਾ ਨੁਕਸਾਨ ਕਰਦੇ ਨੇ। ਸੱਚੇ ਪਾਤਸ਼ਾਹ ਦੇ ਉਪਦੇਸ਼ਾਂ ਤੇ ਚਲਕੇ ਹੀ ਸੱਚਾ ਸੁੱਖ ਹੋ ਸਕਦਾ ਹੈ।

**23 ਜੁਲਾਈ 2016** ਨੂੰ ਅੰਮ੍ਰਿਤ ਵੇਲੇ ਆਸਾ ਦੀ ਵਾਰ 'ਚ ਹਜ਼ੂਰੀ ਰਾਗੀਆਂ ਵਲੋਂ ਕੁਝ ਸ਼ਬਦ ਇਸ ਪ੍ਰਕਾਰ ਪੜ੍ਹੇ ਗਏ :

***- ਅਬ ਰਾਖਹੁ ਦਾਸ ਭਾਟ ਕੀ ਲਾਜ।।***
***- ਕਬੀਰ ਤੂੰ ਤੂੰ ਕਰਤਾ ਤੂੰ ਹੂਆ***
***ਮੁਝ ਮਹਿ ਰਹਾ ਨਾ ਹੂੰ।।***
***- ਮੇਰੇ ਮਨ ਸਾਧ ਜਨਾ ਮਿਲ ਹਰਿਆ।।***
***- ਧੰਨ ਹਮਾਰਾ ਮੀਤ***
***ਅਉਖੀ ਘੜੀ ਨ ਦੇਖਨ ਦੇਈ।।***
***- ਰੇ ਮਨ ਐਸੋ ਕਰ ਸੰਨਿਆਸਾ।।***
***- ਕੋਈ ਆਣਿ ਮਿਲਾਵੈ***
***ਮੇਰਾ ਪ੍ਰੀਤਮ ਪਿਆਰਾ।।***
***ਹਉ ਤਿਸੁ ਪਹਿ ਆਪੁ ਵੇਚਾਈ।।***

ਆਸਾ ਦੀ ਵਾਰ ਉਪਰੰਤ **ਸ. ਸਵਰਨ ਸਿੰਘ ਵਿਰਕ** ਨੇ ਸਿਖ ਇਤਿਹਾਸ ਨਾਲ ਸੰਗਤ ਨੂੰ ਜੋੜਦਿਆਂ ਦੱਸਿਆ ਕਿ ਗੁਰ ਇਤਿਹਾਸ ਅਨੁਸਾਰ :

**ਗੁਰੂ ਅੰਸ਼ ਹੋਣਾ ਮਹੱਤਵਪੂਰਨ ਨਹੀਂ**
**ਗੁਰੂ ਅਨੁਸਾਰੀ ਹੋਣਾ ਮਹੱਤਵਪੂਰਨ ਹੈ।**

ਅੱਜ ਸ਼ਾਮ 5 ਤੋਂ 6 ਨਾਮ ਸਿਮਰਨ ਦੌਰਾਨ **ਸੰਤ ਨਿਸ਼ਾਨ ਸਿੰਘ** ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸ੍ਰੀ ਮਾਤਾ ਚੰਦ ਕੌਰ ਜੀ ਦੇ ਜੀਵਨ ਤੇ ਰੋਸ਼ਨੀ ਪਾਈ ਕਿਉਂਕਿ ਅੱਜ ਦਾ ਦਿਨ ਸਤਿਗੁਰੂ ਜਗਜੀਤ ਸਿੰਘ ਜੀ ਤੇ ਮਾਤਾ ਜੀ ਦੀ ਯਾਦ ਨੂੰ ਸਰਮਪਿਤ ਪ੍ਰੋਗਰਾਮ ਸੀ। **ਸੰਤ ਬਲਬੀਰ ਸਿੰਘ ਬੌਬੀ** ਨੇ ਨਾਮਧਾਰੀ ਇਤਿਹਾਸ ਬਾਰੇ ਆਪਣੀ ਪ੍ਰੈਜ਼ੈਂਨਟੇਸ਼ਨ ਪੇਸ਼ ਕੀਤੀ ਅਤੇ ਏਥੋਂ ਦੇ ਯੂਥ ਵਲੋਂ ਕੀਤੇ ਗਏ ਕੰਮਾਂ ਬਾਰੇ ਦੱਸਿਆ।

ਹਜ਼ੂਰੀ ਰਾਗੀ ਸੰਤ ਬਲਵੰਤ ਸਿੰਘ ਤੇ ਹਰਪ੍ਰੀਤ ਸਿੰਘ ਸੋਨੂੰ ਨੇ ਹੋਰ ਸਾਥੀਆਂ ਨਾਲ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੇ ਮਾਤਾ ਚੰਦ ਕੌਰ ਜੀ ਦੀ ਯਾਦ ਵਿਚ ਕੀਰਤਨ ਕੀਤਾ। ਸ਼ਬਦ ਸਨ :

***- ਮਿਹਰਵਾਨ ਸਾਹਿਬ ਮਿਹਰਵਾਨੁ***
***ਸਾਹਿਬ ਮੇਰਾ ਮਿਹਰਵਾਨ।।***

*- ਇਨਕੋ ਤੁਮ ਤਯਾਗ ਗਏ ਮਥੁਰਾ*
*ਹਮਰੀ ਤੁਮ ਸੁਧ ਲੇਤ ਸਦਾ ਰਹੀਯੋ।*

ਅੱਜ ਅਨਾਊਂਸਮੈਂਟ ਕਰਨ ਦੀ ਸੇਵਾ **ਬੀਬੀ ਦਲਜੀਤ ਕੌਰ** ਦੀ ਸੀ। ਜੋ ਬੜੇ ਵਧੀਆ ਢੰਗ ਨਾਲ ਬੁਲਾਰਿਆਂ ਨੂੰ ਪੇਸ਼ ਕਰ ਰਹੀ ਸੀ। ਹੁਣ ਕਾਕਾ ਗੁਰਬਖਸ਼ ਸਿੰਘ ਪੁੱਤਰ ਸੰਤ ਅਮਰਜੀਤ ਸਿੰਘ ਨੇ ਹੱਲੇ ਦਾ ਦਿਵਾਨ ਲਾ ਕੇ ਸੱਚੇ ਪਾਤਸ਼ਾਹ ਜੀ ਦੀਆਂ ਖੁਸ਼ੀਆਂ ਲਈਆਂ। ਉਸਦੇ ਦਿਵਾਨ ਦੀ ਧਾਰਨਾ ਸੀ :

*- ਯਾਦਾਂ ਭੁਲਦੀਆਂ ਨਹੀਂ*
*ਜ਼ਮਾਨਾ ਯਾਦ ਆਉਂਦਾ ਹੈ।*

ਇਸਦੇ ਨਾਲ ਹੀ ਉਸਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਸ੍ਰੀ ਮਾਤਾ ਚੰਦ ਕੌਰ ਜੀ ਤੇ ਸੰਤ ਮਨੋਹਰ ਸਿੰਘ ਭੱਠੇ ਵਾਲਿਆਂ ਦੀ ਸਾਖੀ ਸੁਣਾਈ। ਅੱਜ ਕਵਿਤਾਵਾਂ ਰਾਹੀਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੇ ਮਾਤਾ ਜੀ ਨੂੰ ਯਾਦ ਕਰਨ ਵਾਲੇ ਬੁਲਾਰੇ ਸਨ : ਸਰਵ ਸ੍ਰੀ ਬੀਬੀ ਗੁਰਮੀਤ ਕੌਰ, ਬੀਬੀ ਮਨਜੀਤ ਕੌਰ, ਰਣਜੀਤ ਸਿੰਘ ਬਾਜਵਾ, ਬੀਬੀ ਰਾਣੀ, ਬੀਬੀ ਕਸ਼ਮੀਰ ਕੌਰ ਅਤੇ ਅਜੀਤ ਸਿੰਘ ਲਾਇਲ।

**ਡਾ. ਵਰਿਆਮ ਸਿੰਘ ਸੰਧੂ** ਨੇ ਬੋਲਦਿਆਂ ਆਪਣੇ ਸ਼ਬਦਾਂ ਦੁਆਰਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਯਾਦ ਕਰਦਿਆਂ ਆਖਿਆ ਕਿ ਸਤਿਗੁਰੂ ਹੋਣ ਦੇ ਨਾਤੇ ਉਹਨਾਂ ਬਾਰੇ ਕੁਝ ਕਹਿਣਾ ਤਾਂ ਬਹੁਤ ਹੀ ਪਰ੍ਹੇ ਦੀ ਗੱਲ ਹੈ। ਅਸੀਂ ਤਾਂ ਉਹਨਾਂ ਦੀ ਇਨਸਾਨੀਅਤ, ਵਡਿਆਈ ਵੀ ਨਹੀਂ ਕਰ ਸਕਦੇ। ਉਹ ਆਪਣੇ ਸਿਖ ਦੇ ਦੁਖ ਨਾਲ ਪਿਘਲਦੇ ਸਨ। ਜਿਵੇਂ ਮੋਮਬਤੀ ਵਿਚਲੇ ਧਾਗੇ ਨੂੰ ਜਲਦਾ ਵੇਖ ਕੇ ਨਾਲ ਨਾਲ ਮੋਮਬਤੀ ਪਿਘਲਦੀ ਹੈ। ਸਤਿਗੁਰੂ ਜੀ ਕਿਸੇ ਦਾ ਵੀ ਦੁੱਖ ਨਹੀਂ ਸਨ ਵੇਖਣਾ ਚਾਹੁੰਦੇ ਸਗੋਂ ਹਮੇਸ਼ਾਂ ਸੁਖੀ ਵੇਖਣਾ ਚਾਹੁੰਦੇ ਸਨ। ਜਿਥੇ ਵੀ ਕਿਸੇ ਨੂੰ ਕਿਸੇ ਤਰ੍ਹਾਂ ਦੀ ਮਦਦ ਦੀ ਲੋੜ ਪਈ ਆਪਨੇ ਬਿਨਾਂ ਧਰਮ, ਰਾਜਨੀਤੀ, ਜਾਤ ਪਾਤ, ਭੇਖ ਆਦਿ ਦੇ ਮਦਦ ਕੀਤੀ। ਇਹ ਸਨ ਉਹਨਾਂ ਦੀ ਇਨਸਾਨੀਅਤ ਵਾਲੇ ਗੁਣ। ਸਤਿਗੁਰੂ ਹੋਣ ਦੇ ਨਾਤੇ ਤਾਂ ਉਹ ਇਕ ਸਮੁੰਦਰ ਦੀ ਤਰ੍ਹਾਂ ਸਨ ਜਿਥੇ ਪ੍ਰੇਮ ਹੁੰਦਾ ਸੀ ਉਥੇ ਸਾਰੇ ਨੇਮ ਲੰਘ ਜਾਂਦੇ ਸਨ।

ਸ੍ਰੀ ਮਾਤਾ ਚੰਦ ਕੌਰ ਜੀ ਬਾਰੇ ਸੰਧੂ ਜੀ ਕਿਹਾ ਕਿ ਉਹਨਾਂ ਦਾ ਜੀਵਨ ਬੜਾ ਸਿੱਧਾ ਸਾਦਾ ਤੇ ਸੇਵਾ ਭਾਵਨਾ ਨੂੰ ਸਮਰਪਿਤ ਸੀ। ਉਹਨਾਂ ਨੇ ਨਾਮਧਾਰੀ ਪੰਥ ਨੂੰ ਆਪਣੇ ਹੱਥਾਂ ਦੀਆਂ ਤਲੀਆਂ ਦੇ ਉਪਰ ਰੱਖਿਆ। ਧਰਤੀ ਦੇ ਥਲੇ ਪਹਿਲਾਂ ਧੌਲ ਸੀ, ਫਿਰ ਧਰਮ ਤੇ ਹੁਣ ਸਾਡੀ ਮਾਂ ਹੈ।

ਆਪਣੇ ਆਪਣੇ ਵਿਚਾਰਾਂ ਨੂੰ ਸਮੇਟਦਿਆਂ ਹੋਇਆਂ ਕਿਹਾ ਕਿ ਜਿੰਨਾ ਪਿਆਰ ਮੈਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਮਿਲਦਾ ਸੀ ਉਸੇ ਤਰ੍ਹਾਂ ਹੀ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਤੋਂ ਪਿਆਰ ਮਿਲਦਾ ਹੈ। ***"ਸਤਿਗੁਰੂ ਉਦੈ ਸਿੰਘ ਜੀ, ਸਤਿਗੁਰੂ ਜਗਜੀਤ ਸਿੰਘ ਜੀ ਦੀ ਜੋਤ ਹੀ ਹਨ।"***

**ਰਾਗੀ ਬਲਵੰਤ ਸਿੰਘ** ਨੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ 'ਚ ਇਕ ਗੀਤ ਮਾਸਟਰ ਅਮਰੀਕ ਸਿੰਘ ਦਾ ਲਿਖਿਆ ਬੜੇ ਸੋਹਣੇ ਢੰਗ ਨਾਲ ਪੇਸ਼ ਕੀਤਾ। ਗੀਤ ਸੀ :

*ਸਦੀਆਂ ਤਕ ਗੁਰੂ ਜਗਜੀਤ ਜੀਉ।*
*ਤੇਰਾ ਪਿਆਰ ਭੁਲਾਇਆ ਭੁਲਣਾ ਨਹੀਂ।*

ਅੱਜ ਮਸਤਾਨੇ **ਰੇਸ਼ਮ ਸਿੰਘ** ਨੇ ਇਕ ਗੋਰੇ ਨੂੰ ਲਿਆਂਦਾ ਜਿਹਦਾ ਨਾਂ **ਜਾਰਡਨ** ਸੀ। ਉਸਨੇ ਆਪਣੇ ਸਾਜ ਗਿਟਾਰ ਨਾਲ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪ੍ਰਮਾਤਮਾ ਦੀ ਉਸਤਤ ਕੀਤੀ। ਅਗਲੇ ਦਿਨ ਉਸੇ ਗੋਰੇ ਨੂੰ ਨਾਮਧਾਰੀ ਪਹਿਰਾਵੇ ਵਿਚ ਤਕਿਆ ਗਿਆ। ਸ਼ਾਇਦ ਮਸਤਾਨੇ ਨੇ ਭਜਨ ਵੀ ਦੱਸ ਦਿੱਤਾ ਹੋਵੇਗਾ।

**24 ਜੁਲਾਈ 2016** ਅੱਜ ਦਾ ਪੂਰਾ ਦਿਨ ਸਤਿਗੁਰੂ ਰਾਮ ਸਿੰਘ ਜੀ ਦੇ 200ਵੇਂ ਪ੍ਰਕਾਸ਼ ਉਸਤਵ ਨੂੰ ਸਮਰਪਿਤ ਸੀ। ਅੰਮ੍ਰਿਤ ਵੇਲੇ 4 ਵਜੇ ਤੋਂ ਆਸਾ ਦੀ ਵਾਰ ਦਾ ਕੀਰਤਨ ਸਰਵ ਸੰਤ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ, ਬਲਦੇਵ ਸਿੰਘ, ਦਰਸਨ ਸਿੰਘ ਪਨੇਸਰ, ਰਤਨ ਸਿੰਘ, ਗੁਰਮੁਖ ਸਿੰਘ ਭਮਰਾ,, ਅਮਰੀਕ ਸਿੰਘ, ਗਿਆਨ ਸਿੰਘ, ਹਾਕਮ ਸਿੰਘ, ਬਘੇਲ ਸਿੰਘ ਆਦਿ ਨੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਕੀਤਾ। ਕੁਝ ਸ਼ਬਦ ਇਹ ਸਨ :

***- ਹਰਿ ਪ੍ਰਾਨ ਪ੍ਰਭੂ ਸੁਖ ਦਾਤੇ।।***
***ਗੁਰ ਪ੍ਰਸਾਦਿ ਕਾਹੂ ਜਾਤੇ।।***
***- ਰਾਮੁ ਭਜੁ ਰਾਮੁ ਭਜੁ***
***ਜਨਮੁ ਸਿਰਾਤੁ ਹੈ।।***
***- ਜਿਨ ਪ੍ਰੇਮ ਕੀਉ***
***ਤਿਨ ਹੀ ਪ੍ਰਭੁ ਪਾਇਓ।।***

**ਇਕ ਅਨੰਦ ਕਾਰਜ-** ਅੱਜ ਏਥੇ ਇਕ ਅਨੰਦ ਕਾਰਜ ਨੌਜਵਾਨ ਗੁਰਮੁਖ ਸਿੰਘ ਪੁੱਤਰ ਮਸਤਾਨਾ ਰੇਸ਼ਮ ਸਿੰਘ ਅਤੇ ਬੀਬੀ ਰੀਨਾ ਸਿੰਘ ਪੁੱਤਰੀ ਸ. ਮਨਜੀਤ ਸਿੰਘ ਦਾ ਹੋਇਆ। ਅਨੰਦ ਕਾਰਜ ਲਈ ਲਾਵਾਂ ਅਤੇ ਨੌਵੇਂ ਮਹਲੇ ਦੇ ਸਲੋਕ ਸੰਤ ਬਲਵੰਤ ਸਿੰਘ ਰਾਗੀ ਅਤੇ ਸੰਤ ਨਿਸ਼ਾਨ ਸਿੰਘ ਕਥਾਵਾਚਕ ਨੇ ਪੜੇ। ਉਪਰੰਤ ਅਨੰਦ ਸਾਹਿਬ ਪੜ੍ਹ ਕੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਅਰਦਾਸ ਹੋਈ। 2 ਸਧਾਰਨ ਪਾਠਾਂ ਦੇ ਭੋਗ ਅਨੰਦ ਕਾਰਜ ਵਾਲਿਆਂ ਵਲੋਂ ਪਵਾਏ ਗਏ।

**ਸੰਤ ਅਜੀਤ ਸਿੰਘ ਲਾਇਲ** ਨੇ ਅਨੰਦ ਕਾਰਜ ਮਰਯਾਦਾ ਬਾਰੇ ਆਪਣੇ ਵਿਚਾਰ ਸਾਧ ਸੰਗਤ ਨਾਲ ਸਾਂਝੇ ਕੀਤੇ ਤੇ ਕਿਹਾ ਕਿ ਤੁਸੀਂ ਵਧਾਈ ਦੇ ਪਾਤਰ ਹੋ ਜਿਨਾਂ ਨੇ ਸਿਖੀ ਦੀਆਂ ਪੂਰਨ ਪ੍ਰੰਪਰਾਵਾਂ ਨੂੰ ਕਾਇਮ ਰੱਖਿਆ ਹੋਇਆ ਹੈ। ਇਹ ਲਾਵਾਂ ਜੋ ਪੜੀਆਂ ਗਈਆਂ ਹਨ ਇਹ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੀਆਂ ਉਚਾਰਨ ਕੀਤੀਆਂ ਹੋਈਆਂ ਹਨ। ਪਰ ਸਤਿਗੁਰੂ ਰਾਮ ਸਿੰਘ ਤਕ ਕਿਸੇ ਗੁਰੂ ਦਾ ਵਿਆਹ ਇਹਨਾਂ ਲਾਵਾਂ ਨਾਲ ਨਹੀਂ ਹੋਇਆ। ਸਗੋਂ ਬ੍ਰਾਹਮਣੀ ਰੀਤਾਂ ਅਨੁਸਾਰੀ ਹੀ ਹੁੰਦੇ ਰਹੇ ਹਨ। ਪਹਿਲੀ ਵੇਰ 3 ਜੂਨ 1863 ਈ. ਨੂੰ ਪਿੰਡ ਖੋਟੇ ਜ਼ਿਲਾ ਫਿਰੋਜ਼ਪੁਰ ਤੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਇਹ ਮਰਯਾਦਾ ਆਰੰਭ ਕੀਤੀ। ਜਿਸ ਵਾਸਤੇ ਕਈ ਔਕੜਾਂ ਦਾ ਸਾਹਮਣਾ ਕਰਨਾ ਪਿਆ। ਉਹ ਹੀ ਮਰਯਾਦਾ ਅੱਜ ਤਕ ਜਿਉਂ ਦੀ ਤਿਉਂ ਨਾਮਧਾਰੀ ਪੰਥ ਵਿਚ ਚਲੀ ਆ ਰਹੀ ਹੈ। ਸਾਨੂੰ ਚਾਹੀਦਾ ਹੈ ਕਿ ਲੋਕਾਂ ਪਿਛੇ ਲਗ ਕੇ ਇਸ ਅਨੰਦ ਕਾਰਜ ਦੀ ਮਰਯਾਦਾ ਨੂੰ ਗੰਦਲਾ ਨਾ ਕਰਕੇ, ਸੱਚੀ-ਸੁੱਚੀ ਪਵਿੱਤਰ ਉਸੇ ਤਰ੍ਹਾਂ ਹੀ ਕਾਇਮ ਰੱਖੀਏ।

**ਨੌਜਵਾਨਾਂ ਨਾਲ ਇਕੱਤਰਤਾ-** ਅੱਜ ਦੁਪਹਿਰ ਵੇਲੇ ਸ੍ਰੀ ਸਤਿਗੁਰੂ ਜੀ ਨੇ ਏਥੇ ਦੇ

(ਬਾਕੀ ਸਫਾ 7 'ਤੇ)



ਟਰਾਂਟੋ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਦਾ ਅਨੰਦ ਮਾਣਦੀ ਸਾਧ ਸੰਗਤ।

# ਸ੍ਰੀ ਸਤਿਗੁਰੂ ਜੀ ਦਾ ਟਰਾਂਟੋ ਦੌਰਾ ਸੰਪੰਨ.. (ਬਾਕੀ ਸਫਾ 6 ਦੀ)



**ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿਚ ਰਾਗੀ ਬਲਵੰਤ ਸਿੰਘ ਜਥੇ ਸਮੇਤ ਕੀਰਤਨ ਕਰਦੇ ਹੋਏ।**

ਨੌਜਵਾਨਾਂ ਨਾਲ ਇਕ ਪਾਰਕ ਵਿਚ ਇਕੱਤਰਤਾ ਕੀਤੀ। ਜਿਸ ਵਿਚ ਨੌਜਵਾਨ ਲੜਕੇ ਲੜਕੀਆਂ ਤੋਂ ਇਲਾਵਾ ਕਈ ਫੈਮਲੀਆਂ ਵੀ ਪਹੁੰਚੀਆਂ ਹੋਈਆਂ ਸਨ। ਸ੍ਰੀ ਸਤਿਗੁਰੂ ਜੀ ਨਾਲ ਸੂਬਾ ਰੇਸ਼ਮ ਸਿੰਘ, ਸੰਤ ਨਿਸ਼ਾਨ ਸਿੰਘ ਤੇ ਸ. ਸਵਰਨ ਸਿੰਘ ਵਿਰਕ ਵੀ ਸਨ। ਇਕ ਇਕੱਤਰਤਾ ਦੌਰਾਨ ਨੌਜਵਾਨਾਂ ਵਲੋਂ ਪੁਛੇ ਗਏ ਸਵਾਲਾਂ ਦੇ ਜਵਾਬ ਦੇ ਕੇ ਸਤਿਗੁਰੂ ਜੀ ਵਲੋਂ ਉਹਨਾਂ ਦੇ ਸ਼ੰਕੇ ਦੂਰ ਕੀਤੇ ਗਏ। ਕਈ ਸਵਾਲ ਸਤਿਗੁਰੂ ਜੀ ਸ. ਸਵਰਨ ਸਿੰਘ ਵਿਰਕ ਤੇ ਸੰਤ ਨਿਸ਼ਾਨ ਸਿੰਘ ਨਾਲ ਵੀ ਸਾਂਝੇ ਕਰ ਲੈਂਦੇ ਸਨ। ਇਸ ਇਕੱਤਰਤਾ ਵਿਚ ਹਰ ਨੌਜਵਾਨ ਨੂੰ ਬਿਨਾਂ ਝਿਜਕ ਦੇ ਸੱਚੇ ਪਾਤਸ਼ਾਹ ਜੀ ਨਾਲ ਸਿਧੇ ਬਚਨ ਬਿਲਾਸ ਕਰਨ ਦਾ ਮੌਕਾ ਪ੍ਰਾਪਤ ਹੋਇਆ। ਹਰੇਕ ਨੌਜਵਾਨ ਖੁਸ਼ ਖੁਸ਼ ਨਜ਼ਰ ਆ ਰਿਹਾ ਸੀ।

ਸ਼ਾਮ ਨੂੰ 5 ਤੋਂ 6 ਪੰਡਾਲ ਵਿਚ ਨਾਮ ਸਿਮਰਨ ਦੌਰਾਨ ਸੰਤ ਨਿਸ਼ਾਨ ਸਿੰਘ ਨੇ ਆਪਣੀ ਕਥਾ ਦੁਆਰਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਤੇ ਰੌਸ਼ਨੀ ਪਾਈ। ਨਾਮ ਸਿਮਰਨ ਦੀ ਸਮਾਪਤੀ ਉਪਰੰਤ ਕੀਰਤਨ ਦਾ ਆਰੰਭ ਸੰਤ ਬਲਦੇਵ ਸਿੰਘ ਦੇ ਸ਼ਬਦ ਨਾਲ ਹੋਇਆ :

- ***ਏ ਦੁਇ ਨੈਨਾ ਮਤਿ ਛੁਹਉ***
  ***ਪਿਰ ਦੇਖਨ ਕੀ ਆਸ।।***

ਬਾਅਦ ਵਿਚ ਹਜ਼ੂਰੀ ਰਾਗੀ ਜਥੇ ਨੇ ਕੀਰਤਨ ਕੀਤਾ। ਸ਼ਬਦ ਸੀ :

- ***ਮੋਰੀ ਰੁਣ ਝੁਣ ਲਾਇਆ***
  ***ਭੈਣੇ ਸਾਵਣੁ ਆਇਆ।।***

ਕੀਰਤਨ ਉਪਰੰਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਬਾਰੇ ਬੁਲਾਰਿਆਂ ਵਲੋਂ ਆਪਣੇ ਆਪਣੇ ਵਿਚਾਰ ਪੇਸ਼ ਕੀਤੇ ਗਏ।

**ਸੂਬਾ ਗੁਰਦਿਆਲ ਸਿੰਘ** ਨੇ ਉਸ ਸਮੇਂ ਸਿਖੀ ਦੀ ਵਿਗੜੀ ਹੋਈ ਹਾਲਤ ਦਾ ਬਿਆਨ ਗਿਆਨੀ ਗਿਆਨ ਸਿੰਘ ਦੇ ਕਬਿਤਾਂ ਰਾਹੀਂ ਕੀਤਾ ਜਿਸਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਮੁੜ ਸੁਰਜੀਤ ਕੀਤਾ।

**ਸੰਤ ਹਰਪਾਲ ਸਿੰਘ ਸੇਵਕ** ਨੇ ਸਤਿਗੁਰੂ ਰਾਮ ਸਿੰਘ ਜੀ ਦੇ ਧਾਰਮਿਕ ਤੇ ਸਮਾਜਿਕ ਪੱਖ ਤੇ ਵਿਸਥਾਰ ਸਹਿਤ ਆਪਣੇ ਵਿਚਾਰਾਂ ਰਾਹੀਂ ਚਾਨਣਾ ਪਾਇਆ। ਜਿਵੇਂ ਸੱਚੀ ਸੁੱਚੀ ਕਿਰਤ ਕਰਨੀ, ਨਾਮ ਜਪਣਾ, ਲੋੜਵੰਦਾਂ ਦੀ ਲੋੜ ਪੂਰੀ ਕਰਨੀ ਭਾਵ ਦਾਨ ਦੇਣਾ। ਭਗਤੀ ਤੇ ਸ਼ਕਤੀ ਦਾ ਸੁਮੇਲ ਕਰਕੇ ਸਾਦਗੀ ਲਿਆਉਣਾ। ਉਹਨਾਂ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਪੰਥ ਵਿਚ ਬੀਰ ਰਸ ਪੈਦਾ ਕਰਨ ਲਈ ਕੇਸ਼ਰੀ ਨਿਸ਼ਾਨ ਸਾਹਿਬ ਝੁਲਾਇਆ ਸੀ। ਪਰ ਬੀਰ ਰਸ ਤੋਂ ਬਾਅਦ ਸ਼ਾਂਤੀ ਲਿਆਉਣ ਲਈ ਸਤਿਗੁਰੂ ਰਾਮ ਸਿੰਘ ਜੀ ਨੇ 1857 ਨੂੰ ਸ੍ਰੀ ਭੈਣੀ ਸਾਹਿਬ ਵਿਚ ਸੰਤ ਖਾਲਸਾ ਪੈਦਾ ਕਰਕੇ ਸਫੈਦ ਨਿਸ਼ਾਨ ਸਾਹਿਬ ਝੁਲਾਇਆ।

ਆਪ ਨੇ ਹੋਰ ਦੱਸਿਆ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਲੋਕਾਈ ਨੂੰ ਫੋਕਟ ਰਸਮਾਂ ਵਿਚੋਂ ਕੱਢ ਕੇ ਇਕ ਆਦਰਸ਼ ਸਮਾਜ ਸਿਰਜਿਆ। ਉਹਨਾਂ ਨੇ ਲੋਕਾਂ ਨੂੰ ਇਸਤਰੀ ਦੇ ਗੁਣਾਂ ਤੋਂ ਜਾਣੂੰ ਕਰਵਾਇਆ। ਕੁੜੀਆਂ ਨੂੰ ਮਾਰਨਾ, ਵੇਚਣਾ, ਵੱਟਾ ਕਰਨਾ, ਤੇ ਸਤੀ ਪ੍ਰਥਾ ਤੇ ਬਾਲ ਵਿਆਹ ਆਦਿ ਤੋਂ ਲੋਕਾਂ ਨੂੰ ਹਟਾ ਕੇ ਬੀਬੀਆਂ ਨੂੰ ਕਛਹਿਰੇ ਪਵਾ, ਅੰਮ੍ਰਿਤ ਛਕਾ ਕੇ ਸਿੰਘਾਂ ਦੇ ਬਰਾਬਰ ਦਾ ਹੱਕ ਦਿੱਤਾ। ਲੋਕਾਂ ਨੂੰ ਨਸ਼ੇ ਕਰਨ ਤੋਂ ਵਰਜਿਆ ਤੇ ਸਤਿਗੁਰੂ ਨਾਨਕ ਦੇਵ ਤੇ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਸਿਖੀ ਸਰੂਪ ਨੂੰ ਕਾਇਮ ਰੱਖਿਆ।

**ਬਲਬੀਰ ਸਿੰਘ ਬੌਬੀ** ਨੇ ਸਕਰੀਨ ਤੇ ਸੰਗੀਤ ਬਾਰੇ ਇਕ ਛੋਟੀ ਜਿਹੀ ਡਾਕੂਮੈਂਟਰੀ ਫਿਲਮ ਦਿਖਾ ਕੇ ਸਾਧ ਸੰਗਤ ਦਾ ਧਿਆਨ ਕੇਂਦਰਿਤ ਕੀਤਾ।

**ਸ੍ਰੀ ਦਿਨੇਸ਼ ਭਾਟੀਆ** (India consulate Geneal) ਨੇ ਸਤਿਗੁਰੂ ਰਾਮ ਸਿੰਘ ਜੀ ਦੇ ਇਸ 200ਵੇਂ ਪ੍ਰਕਾਸ਼ ਉਤਸਵ ਸਮਾਗਮ ਵਿਚ ਸ਼ਾਮਿਲ ਹੋਣ ਲਈ ਆਪਣੀ ਖੁਸ਼ਕਿਸਮਤੀ ਆਖਦਿਆਂ ਹੋਇਆਂ ਕਿਹਾ ਕਿ ਕੋਈ ਬੰਦਾ ਉਨੀ ਦੇਰ ਜਿੰਦਾ ਰਹਿੰਦਾ ਹੈ ਜਿਨਾਂ ਚਿਰ ਉਸਨੂੰ ਯਾਦ ਕੀਤਾ ਜਾਂਦਾ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਜੋ ਕੰਮ ਦੇਸ ਲਈ, ਧਰਮ ਲਈ, ਸਮਾਜ ਲਈ ਕੀਤੇ ਹਨ ਉਸਦੇ ਲਈ ਸਾਨੂੰ ਉਹਨਾਂ ਤੇ ਮਾਣ ਹੈ ਤੇ ਉਹ ਰਹਿੰਦੀ ਦੁਨੀਆਂ ਤਕ ਯਾਦ ਰਹਿਣਗੇ। ਸਾਨੂੰ ਚਾਹੀਦਾ ਹੈ ਕਿ ਵਿਦੇਸ਼ਾਂ ਵਿਚ ਅਜਿਹੇ ਸਮਾਗਮ ਕਰਕੇ ਆਪਣੇ ਸਮਾਜ ਨਾਲ, ਸਭਿਆਚਾਰ ਤੇ ਧਾਰਮਿਕ ਪ੍ਰੰਪਰਾਵਾਂ ਨਾਲ ਜੁੜੇ ਰਹੀਏ।

**ਸ. ਸਵਰਨ ਸਿੰਘ ਵਿਰਕ** ਨੇ ਸਤਿਗੁਰੂ ਰਾਮ ਸਿੰਘ ਜੀ ਦੇ ਰਾਜਨੀਤਕ ਪੱਥ ਨੂੰ ਵਿਸਥਾਰ ਸਹਿਤ ਉਘੇੜ ਕੇ ਪੇਸ਼ ਕੀਤਾ ਕਿਵੇਂ ਉਹਨਾਂ ਨੇ ਗੁਆਂਢੀ ਦੇਸ਼ਾਂ ਨਾਲ ਰਾਜਨੀਤਕ ਸੰਬੰਧ ਵੀ ਕਾਇਮ ਕਰ ਲਏ ਸਨ ਦੇਸ਼ ਨੂੰ ਆਜ਼ਾਦ ਕਰਵਾਉਣ ਲਈ। ਅੰਗਰੇਜ਼ ਸਰਕਾਰ ਨਾਲ ਬਾਈਕਾਟ ਕੀਤਾ ਤੇ ਉਸਦੇ ਮੁਕਾਬਲੇ ਤੇ ਆਪਣਾ ਪ੍ਰਬੰਧ ਕਾਇਮ ਕੀਤਾ।

**ਸ. ਕੁਲਵਿੰਦਰ ਸਿੰਘ ਖੈਰਾ–** ਟਰਾਂਟੋ ਦੇ ਪ੍ਰਸਿੱਧ ਪੰਜਾਬੀ ਲੇਖਕ, ਕਲਮਾਂ ਦੇ ਕਾਫਲੇ ਦੇ ਕੋਆਡੀਨੇਟਰ ਸ਼੍ਰੀ ਖੈਹ੍ਰਾ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਬੜੇ ਖੋਜ ਭਰਪੂਰ ਤੱਥਾਂ ਦੇ ਆਧਾਰ ਤੇ ਆਪਣੇ ਵਿਚਾਰਾਂ ਨੂੰ ਪੇਸ਼ ਕੀਤਾ। ਉਹਨਾਂ ਕਿਹਾ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਦੇਸ਼ ਦੀ ਵਿਗੜੀ ਹਾਲਤ ਨੂੰ ਸੁਧਾਰਨ ਲਈ ਕਮਰਕੱਸੇ ਕਰ ਲਏ ਸਨ। 1845 ਤੋਂ 1857 ਤਕ ਪੂਰੀ ਤਿਆਰੀ ਕਰ ਚੁਕੇ ਸਨ ਤਾਂ ਹੀ ਉਹਨਾਂ 1857 ਨੂੰ ਅੰਗਰੇਜ਼ਾਂ ਖਿਲਾਫ ਆਜ਼ਾਦੀ ਦਾ ਬਿਗੁਲ ਵਜਾ ਦਿੱਤਾ ਸੀ। 1863 ਵਿਚ ਜਦੋਂ ਸਤਿਗੁਰੂ ਜੀ ਅੰਮ੍ਰਿਤਸਰ ਦਿਵਾਲੀ ਦੇ ਮੇਲੇ ਜਾਣਾ ਸੀ ਤਾਂ ਸਰਕਾਰੀ ਰਿਪੋਰਟਾਂ ਉਸ ਸਮੇਂ ਤਕ ਬਣ ਚੁੱਕੀਆਂ ਸਨ ਕਿ ਇਹ ਰਾਮ ਸਿੰਘ ਨਾਮ ਦਾ, ਜਿਸਨੂੰ ਗੁਰੂ ਰਾਮ ਸਿੰਘ ਕਹਿੰਦੇ ਨੇ ਇਹ ਖਤਰਨਾਕ ਸ਼ਖਸ਼ ਹੈ।

ਖੈਹ੍ਰਾ ਨੇ ਹੋਰ ਕਿਹਾ ਕਿ ਆਪਾਂ ਉਹਨਾਂ ਦਾ 200ਵਾਂ ਪ੍ਰਕਾਸ਼ ਵਰ੍ਹਾ ਮਨ੍ਹਾ ਰਹੇ ਹਾਂ ਪਰ ਸੋਚੀਏ ਕਿੰਨਾਂ ਕੁ ਉਹਨਾਂ ਦੇ ਅਸੂਲਾਂ ਤੇ ਚਲ ਰਹੇ ਹਾਂ ? ਸਾਨੂੰ ਉਹਨਾਂ ਦੇ ਮੁਢਲੇ ਅਸੂਲਾਂ ਨੂੰ ਉਭਾਰਨ ਦੀ ਲੋੜ ਹੈ ਨਾਲ ਤੇ ਨਾਲ ਉਹਨਾਂ ਤੇ ਪਹਿਰਾ ਦੇਣ ਦੀ ਵੀ ਲੋੜ ਹੈ।

**ਸ. ਇੰਦਰਜੀਤ ਸਿੰਘ ਬੱਲ** ਬਾਰੇ ਸ. ਅਜੀਤ ਸਿੰਘ ਲਾਇਲ ਨੇ ਜਾਣਕਾਰੀ ਦਿੱਤੀ। ਬੱਲ ਜੀ ਇਥੋਂ ਦੇ ਇਕ ਪ੍ਰਸਿੱਧ ਬਿਜਨਸਮੈਨ ਹਨ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਇਹਨਾਂ ਦਾ ਅਥਾਹ ਪਿਆਰ ਸੀ। ਬੱਲ ਸਾਹਿਬ ਨੇ ਦੱਸਿਆ ਕਿ ਮੈਂ ਪਹਿਲੀ ਵੇਰ 20 ਸਾਲ ਬਾਅਦ ਇੰਡੀਆ ਗਿਆ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋਇਆ ਤੇ ਜੋ ਵੀ ਮਨ ਵਿਚ ਆਇਆ ਸਤਿਗੁਰਾਂ ਪੂਰਾ ਕਰ ਵਿਖਾਇਆ। ਉਹਨਾਂ ਦਾ ਸੁਭਾਅ ਕੁਝ ਅਜਿਹਾ ਸੀ ਕਿ ਜੋ ਵੀ ਉਹਨਾਂ ਦੇ ਦਰਸ਼ਨ ਕਰਦਾ ਉਹ ਸਮਝਦਾ ਕਿ ਸ਼ਾਇਦ ਮੈਨੂੰ ਹੀ ਸਭ ਤੋਂ ਵਧ ਪਿਆਰ ਕਰਦੇ ਹਨ। ਮੈਨੂੰ ਖੁਸ਼ੀ ਹੈ ਕਿ ਮੈਂ ਇਸ ਸਮਾਗਮ ਵਿਚ ਪਹੁੰਚ ਕੇ ਸਤਿਗੁਰੂ ਉਦੈ ਸਿੰਘ ਜੀ ਦੇ ਦਰਸ਼ਨ ਕੀਤੇ ਹਨ ਜਿਥੇ ਸਤਿਗੁਰੂ ਰਾਮ ਸਿੰਘ ਜੀ ਦਾ 200ਵਾਂ ਪ੍ਰਕਾਸ਼ ਵਰ੍ਹਾ ਮਨਾਇਆ ਜਾ ਰਿਹਾ ਹੈ। ਕਿਉਂਕਿ–

- ***ਬਾਬਾਣੀਆ ਕਹਾਣੀਆ***
  ***ਪੁਤ ਸਪੁਤ ਕਰੇਨ।।***

**ਡਾ. ਵਰਿਆਮ ਸਿੰਘ ਸੰਧੂ** ਨੇ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ, ਉਹਨਾਂ ਦੀ ਉਚ ਸਖਸ਼ੀਅਤ ਬਾਰੇ ਦੱਸਦਿਆਂ ਕਿਹਾ ਕਿ–

**ਆਪਣੇ ਲਈ ਤਾਂ ਹਰ ਕੋਈ ਮਰਦੈ**
**ਮਜਾ ਏ ਮਰਦੈ ਜ਼ਮਾਨੇ ਦੀ ਖਾਤਰ।**

ਆਪ ਨੇ ਕਿਹਾ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਨੂੰ 200 ਸਾਲ ਹੋਏ ਹਨ ਪਰ ਉਹ 200 ਸਾਲ ਬੀਤ ਜਾਣ ਤੋਂ ਬਾਅਦ ਵੀ ਲੋਕਾਂ ਦੇ ਦਿਲਾਂ ਦੀ ਧੜਕਣ ਬਣੇ ਰਹਿਣਗੇ। ਉਹਨਾਂ 12 ਅਪ੍ਰੈਲ 1857 ਨੂੰ ਜੋ ਕੂਕ ਦਿਤੀ, ਜਿਸ ਤੋਂ ਕੂਕਾ ਲਹਿਰ ਬਣੀ ਅਤੇ ਦੇਸ ਆਜ਼ਾਦੀ ਦੀ ਮੁਢਲੀ ਕੂਕ ਬਣੀ। ਉਹਨਾਂ ਕਿਹਾ ਕਿ ਕਿਸੇ ਦੇਸ਼ ਨੂੰ ਚਲਾਉਣ ਲਈ ਉਥੇ ਤੇ ਨੈਤਿਕ ਤੇ ਰਾਜਨੀਤਕ ਪੱਖ ਕਾਇਮ ਹੋਣੇ ਚਾਹੀਦੇ ਹਨ। ਇਹ ਅਵਾਜਾ ਸਤਿਗੁਰੂ ਰਾਮ ਸਿੰਘ ਜੀ ਨੇ ਦਿਤਾ–

- **ਦੂਰਾਚਾਰ ਛੱਡੋ ਤੇ ਅੰਗ੍ਰੇਜ਼ ਨੂੰ ਕੱਢੋ।**


ਸਤਿਗੁਰੂ ਰਾਮ ਸਿੰਘ ਜੀ ਨੇ ਲੋਕਾਈ ਨੂੰ ਨਵਾਂ ਕਿਰਦਾਰ ਦਿੱਤਾ ਕਿ ਸੱਚ ਤੇ ਚਲਣਾ ਸਭ ਤੋਂ ਉਪਰ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਮਰਯਾਦਾ ਪ੍ਰੰਪਰਾ ਨੂੰ ਅਗੇ ਤੋਰਿਆ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਪੰਜਾਬੀ ਜ਼ੁਬਾਨ ਕੱਟ ਚੁੱਕੀ ਸੀ ਜੋ ਸਤਿਗੁਰੂ ਰਾਮ ਸਿੰਘ ਜੀ ਨੇ ਕੱਟੀ ਹੋਈ ਜ਼ੁਬਾਨ ਨੂੰ ਫਿਰ ਜੋੜਿਆ। ਜਿਸ ਨਾਲ ਸਿੱਖੀ ਬੱਚ ਗਈ। ਸਾਨੂੰ ਚਾਹੀਦਾ ਹੈ ਕਿ ਜੋ ਕਿਰਦਾਰ ਸਤਿਗੁਰੂ ਰਾਮ ਸਿੰਘ ਜੀ ਨੇ ਸਾਨੂੰ ਦਿੱਤਾ ਹੈ ਉਹਦੇ ਤੇ ਪੱਕੇ ਉਤਰੀਏ। ਜੇ ਅਸੀਂ ਕਿਰਦਾਰ ਦੇ ਗਾਜੀ ਨਹੀਂ ਬਣਦੇ ਤੇ ਗਲਾਂ ਬਾਤਾਂ ਨਾਲ ਕੁਝ ਨਹੀਂ ਬਣਦਾ।

**ਸਿਰੋਪੇ :** ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਆਪਣੇ ਹਸਤ ਕੰਵਲਾਂ ਦੁਆਰਾ ਹੇਠ ਲਿਖੇ ਸਜਨਾਂ ਨੂੰ ਸਿਰੋਪੇ ਦੇ ਕੇ ਮਾਨ ਦਿੱਤਾ :

ਸੰਤ ਹਰਪਾਲ ਸਿੰਘ ਸੇਵਕ, ਸ. ਸਵਰਨ ਸਿੰਘ ਵਿਰਕ, ਸ. ਕੁਲਵਿੰਦਰ ਸਿੰਘ ਖੈਹ੍ਰਾ, ਸ਼੍ਰੀ ਦਿਨੇਸ਼ ਭਾਟੀਆ, ਸ਼੍ਰੀ ਰਮੇਸ਼ ਸੰਘਾ ਐਮ. ਪੀ., ਸ. ਇੰਦਰਜੀਤ ਸਿੰਘ ਬੱਲ, ਡਾ. ਵਰਿਆਮ ਸਿੰਘ ਸੰਧੂ, ਸੰਤ ਨਿਸ਼ਾਨ ਸਿੰਘ ਕਥਾ ਵਾਚਕ, ਸੰਤ ਬਲਵੰਤ ਸਿੰਘ ਰਾਗੀ, ਸੰਤ ਹਰਪ੍ਰੀਤ ਸਿੰਘ ਸੋਨੂੰ ਰਾਗੀ, ਸੰਤ ਬਲਦੇਵ ਸਿੰਘ ਰਾਗੀ।







**ਟਰਾਂਟੋ ਸਾਧ ਸੰਗਤ ਦੇ ਰੂਬਰੂ ਹੁੰਦੇ ਸ. ਅਜੀਤ ਸਿੰਘ ਲਾਇਲ, ਸ. ਵਰਿਆਮ ਸਿੰਘ ਸੰਧੂ, ਸ. ਸਵਰਨ ਸਿੰਘ ਵਿਰਕ ਆਦਿ**

**ਉਪਦੇਸ਼ ਸਤਿਗੁਰੂ ਜੀ–** ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਸਾਰੇ ਵਿਦਵਾਨਾਂ, ਬੁਲਾਰਿਆਂ, ਰਾਗੀਆਂ ਸੇਵਾਦਾਰਾਂ ਤੇ ਸਾਧ ਸੰਗਤ ਦਾ ਧੰਨਵਾਦ ਕੀਤਾ ਜਿਹਨਾਂ ਨੇ ਸਤਿਗੁਰੂ ਰਾਮ ਸਿੰਘ ਜੀ, ਸਤਿਗੁਰੂ ਜਗਜੀਤ ਸਿੰਘ ਜੀ ਤੇ ਮਾਤਾ ਚੰਦ ਕੌਰ ਜੀ ਦੇ ਇਸ ਮਹਾਨ ਸਮਾਗਮ ਵਿਚ ਹਿੱਸਾ ਪਾਇਆ।

ਆਪ ਨੇ ਫੁਰਮਾਇਆ ਕਿ **"ਜਦੋਂ ਅਸੀਂ ਇਕ ਦੂਜੇ ਦੀ ਨਿੰਦਿਆ ਕਰਦੇ ਹਾਂ ਤਾਂ ਸਿੱਖੀ ਤੋਂ ਬਹੁਤ ਦੂਰ ਚਲੇ ਜਾਂਦੇ ਹਾਂ। ਸਾਡਾ ਕਿਰਦਾਰ ਉਹਨਾਂ ਉਚਾ ਹੋ ਸਕੇ ਜਿਦਾਂ ਦਾ ਸਤਿਗੁਰੂ ਰਾਮ ਸਿੰਘ ਜੀ ਦੇ ਸਿਖਾਂ ਦਾ ਸੀ। ਜਿਨਾਂ ਚਿਰ ਸਾਡਾ ਕਿਰਦਾਰ ਉਚਾ ਨਹੀਂ ਹੁੰਦਾ ਸਾਡਾ ਮਨ ਚਿੰਤਾਵਾਂ ਵਿਚ ਘਿਰਿਆ ਰਹਿੰਦਾ ਹੈ ਤੇ ਅਸੀਂ ਚੰਗਾ ਸੋਚ ਹੀ ਨਹੀਂ ਸਕਦੇ।"**

ਆਪ ਨੇ ਹੋਰ ਕਿਹਾ **"ਸਾਡਾ ਸਿਖੀ ਨਾਲ ਜੁੜੇ ਰਹਿਣ ਲਈ, ਪੰਜਾਬੀ ਭਾਸ਼ਾ ਨਾਲ ਜੁੜੇ ਰਹਿਣਾ ਜ਼ਰੂਰੀ ਹੈ। ਪੰਜਾਬੀ ਪੜ੍ਹ ਕੇ ਹੀ ਅਸੀਂ ਗੁਰਬਾਣੀ ਨਾਲ ਜੁੜ ਸਕਦੇ ਹਾਂ ਤੇ ਉਸਦੇ ਭਾਵ ਅਰਥਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ।"**

**ਟਰਾਂਟੋ ਨਾਮਧਾਰੀ ਸੰਗਤ ਦੇ ਨਵੇਂ ਸੇਵਾਦਾਰ**–ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸੰਤ ਹਰਪਾਲ ਸਿੰਘ ਨੇ ਅਨਾਊਂਸ ਕੀਤਾ ਕਿ ਪਹਿਲੀ ਕਮੇਟੀ ਤਾਂ ਉਸੇ ਤਰ੍ਹਾਂ ਹੀ ਰਹੇਗੀ ਪਰ ਉਹਨਾਂ ਨਾਲ ਕੁਝ ਨਵੇਂ ਸੇਵਾਦਾਰਾਂ ਨੂੰ ਸਤਿਗੁਰੂ ਜੀ ਵਲੋਂ ਲਾਇਆ ਗਿਆ ਹੈ ਜੋ ਇਸ ਪ੍ਰਕਾਰ ਹਨ – ਸੰਤ ਹਰਜਿੰਦਰ ਸਿੰਘ ਬਡਵਾਲ, ਸੰਤ ਹਰਦਿਆਲ ਸਿੰਘ ਕੱਲਾ, ਸੰਤ ਅਜੀਤ ਸਿੰਘ ਬਡਵਾਲ, ਸੰਤ ਗਿਆਨ ਸਿੰਘ ਪੁੱਤਰ ਗੁਰਦੀਪ ਸਿੰਘ, ਸੰਤ ਰਜਿੰਦਰ ਸਿੰਘ ਗਿੱਲ, ਸੰਤ ਦਰਸ਼ਨ ਸਿੰਘ ਪੰਧੇਰ, ਸੰਤ ਬਘੇਲ ਸਿੰਘ, ਸੰਤ ਬਸੰਤ ਸਿੰਘ, ਬੀਬੀ ਦਲਜੀਤ ਕੌਰ ਬਡਵਾਲ

**25 ਜੁਲਾਈ 2016–** ਅੱਜ ਟਰਾਂਟੋ ਵਿਖੇ ਮੇਲੇ ਦਾ ਆਖਰੀ ਦਿਨ ਸੀ ਭਾਵ ਮੇਲੇ ਦੀ ਸਮਾਪਤੀ ਸੀ। ਇਸ ਕਰਕੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਅੰਮ੍ਰਿਤ ਵੇਲੇ ਚਾਰ ਵਜੇ ਤੋਂ ਆਸਾ ਦੀ ਵਾਰ ਦਾ ਕੀਰਤਨ ਵਾਰੇ ਦੇ ਰੂਪ ਵਿਚ ਹੇਠ ਲਿਖੇ ਨੌਜਵਾਨਾਂ ਵਲੋਂ ਕੀਤਾ ਗਿਆ। ਸਰਵ ਸੰਤ ਗਿਆਨ ਸਿੰਘ, ਹਾਕਮ ਸਿੰਘ, ਬਸੰਤ ਸਿੰਘ, ਬਲਦੇਵ ਸਿੰਘ ਰਾਗੀ, ਅਮਰੀਕ ਸਿੰਘ ਰਾਗੀ, ਦਰਸ਼ਨ ਸਿੰਘ ਬਡਵਾਲ, ਬਘੇਲ ਸਿੰਘ, ਹਰਨਾਮ ਸਿੰਘ, ਈਸ਼ਰ ਸਿੰਘ ਤੇ ਦਇਆ ਕੌਰ ਆਦਿ। ਹੇਠ ਲਿਖੇ ਮੁਖ ਸ਼ਬਦ ਪੜ੍ਹੇ ਗਏ :

- ***ਨਸਿ ਵੰਞਹੁ ਕਿਲ ਵਿਖਹੁ***
  ***ਕਰਤਾ ਘਰਿ ਆਇਆ।।***
- ***ਕੋਈ ਬੋਲੇ ਰਾਮ ਰਾਮ ਕੋਈ ਖੁਦਾਇ।।***
- ***ਕਬੀਰ ਡਗਮਗ ਕਿਆ ਕਰਹਿ***
  ***ਕਹਾ ਡੁਲਾਵਹਿ ਜੀਉ।।***

ਅਰਦਾਸ ਉਪਰੰਤ ਸੰਤ ਹਰਨਾਮ ਸਿੰਘ ਬਾਂਸਲ ਨੇ ਸਤਿਗੁਰੂ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਆਪ ਜੀ ਦਾ ਕੋਟਾਨ ਕੋਟ ਧੰਨਵ੍ਹਾਦ ਜੋ ਟੋਰਾਂਟੋ ਦੀ ਸੰਗਤ ਨੂੰ ਦਰਸ਼ਨ ਦੇ ਕੇ ਨਿਵਾਜਿਆ ਹੈ। ਸਾਡੀਆਂ ਗਲਤੀਆਂ ਤੇ ਕਮੀਆਂ ਨੂੰ ਨਾ ਚਿਤਾਰਦੇ ਹੋਏ ਬਖਸ਼ਸ਼ ਕਰੋ ਅਤੇ ਅਗਾਂਹ ਵਾਸਤੇ ਜਲਦੀ ਦਰਸ਼ਨ ਦੇਣ ਦੀ ਕਿਰਪਾਲਤਾ ਕਰਨੀ ਜੀ। ਸ੍ਰੀ ਸਤਿਗੁਰੂ ਜੀ ਅੱਜ ਦੁਪਹਿਰ ਬਾਅਦ ਐਲ. ਏ. ਦੀ ਸਾਧ ਸੰਗਤ ਨੂੰ ਦਰਸ਼ਨ ਦੇਣ ਲਈ ਫਲਾਈਟ ਰਾਹੀਂ ਰਵਾਨਾ ਹੋਏ।

**ਘਰਾਂ ਵਿਚ ਚਰਨ :** ਇਸ ਦੌਰੇ ਦੌਰਾਨ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਮਾਤਾ ਗੁਰਸ਼ਰਨ ਕੌਰ ਨਾਲ ਸਾਧ ਸੰਗਤ ਦੀਆਂ ਅਰਜ਼ਾਂ ਸੁਣਨ ਤੇ ਪੰਡਾਲ ਵਿਚ ਸਾਧ ਸੰਗਤ ਨੂੰ ਦਰਸ਼ਨ ਦੇਣ ਤੋਂ ਇਲਾਵਾ ਵੇਹਲ ਮਿਲਣ ਤੇ ਉਲੀਕੇ ਹੋਏ ਪ੍ਰੋਗਰਾਮ ਅਨੁਸਾਰ 39 ਘਰਾਂ ਵਿਚ ਚਰਨ ਪਾਕੇ ਘਰਾਂ ਵਾਲਿਆਂ ਦੀ ਸ਼ਰਧਾ ਭਾਵਨਾ ਪੂਰੀ ਕੀਤੀ।

**ਸੇਵਾਦਾਰਾਂ ਦਾ ਧੰਨਵਾਦ–** ਭਾਵੇਂ ਸੱਚੇ ਪਾਤਸ਼ਾਹ ਜੀ ਕੱਲ ਸਾਰੇ ਸੇਵਾਦਾਰਾਂ ਦਾ ਧੰਨਵਾਦ ਕਰਕੇ ਖੁਸ਼ੀਆਂ ਬਖਸ਼ੀਆਂ ਸਨ, ਜਿਹਨਾਂ ਨੇ ਲੰਗਰ ਦੀ ਸੇਵਾ, ਪੰਡਾਲ ਦੀ ਸਫਾਈ ਤੇ ਸਜਾਵਟ ਦੀ, ਜੋੜਿਆਂ ਦੀ, ਗੱਡੀਆਂ ਦੀ ਪਾਰਕਿੰਗ ਤੇ ਹੋਰ ਬਹੁਤ ਕੁਝ ਉਹਨਾਂ ਦਾ ਨਾਂ ਸੱਚੇ ਪਾਤਸ਼ਾਹ ਜੀ ਹੀ ਜਾਣਦੇ ਹਨ ਮੈਂ ਵੀ ਧੰਨਵਾਦ ਕਰਦਾ ਹੋਇਆ ਰਿਪੋਰਟ ਸਮਾਪਤ ਕਰਦਾ ਹਾਂ।

**–ਗੁਰਦੀਪ ਸਿੰਘ, ਨਾਮਧਾਰੀ ਟਰਾਂਟੋ**

RNI NO.55658/93 Delhi Postal Regd. No. DL(W) 01/2055/15-17
License to Post Without Pre-Payment, U(C) - 169/2015-17



ਟਰਾਂਟੋ ਕਨੇਡਾ ਦੌਰੇ ਸਮੇਂ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਸਿੱਖਾਂ ਸੇਵਕਾਂ ਸਮੇਤ ਐਲਬੀਅਨ ਹਿਲ ਦਾ ਨਜ਼ਾਰਾ ਮਾਣਦੇ ਹੋਏ ।



ਸ੍ਰੀ ਸਤਿਗੁਰੂ ਜੀ ਦੇ ਹਸਤ ਕੰਵਲਾਂ ਤੋਂ ਪ੍ਰਸ਼ਾਦ ਪ੍ਰਾਪਤ ਕਰ ਆਪਣੇ ਧੰਨ ਭਾਗ ਸਮਝਦੀ ਸਾਧ-ਸੰਗਤ ।



ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਹੋਏ ਅਨੰਦ ਕਾਰਜ ਦਾ ਦ੍ਰਿਸ਼ - ਟਰਾਂਟੋ, 24 ਜੁਲਾਈ 2016



ਟਰਾਂਟੋ ਵਿਖੇ ਹੋਏ ਪ੍ਰੋਗਰਾਮ ਦੌਰਾਨ ਸੰਤ ਹਰਪਾਲ ਸਿੰਘ ਭੱਲੀ ਦੇ ਸ਼ਗਿਰਦ ਬੱਚੇ ਕੀਰਤਨ ਕਰਦੇ ਹੋਏ ।



ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਏ ਸ. ਵਰਿਆਮ ਸਿੰਘ ਸੰਧੂ ਆਪ ਜੀ ਪਾਸੋਂ ਬਖ਼ਸ਼ਸ਼ਾ ਪ੍ਰਾਪਤ ਕਰਦੇ ਹੋਏ ।

# ਮੇਲਾ ਹਿੰਮਤਪੁਰਾ-ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ 28, 29, 30 ਅਗਸਤ ਨੂੰ

**ਹਿੰਮਤਪੁਰਾ (ਜ਼ਿਲ੍ਹਾ ਮੋਗਾ)** ਦੇ ਇਸ ਪਿੰਡ ਵਿਚ ਸੰਤ ਕਰਮ ਸਿੰਘ ਦੇ ਨਾਂ ਤੇ ਬਣੇ ਡੇਰੇ ਵਿਚ ਉਹਨਾਂ ਦਾ 75ਵਾਂ ਯਾਦ ਮੇਲਾ 28, 29, 30 ਅਗਸਤ 2016 ਮੁਤਾਬਕ 13, 14, 15 ਭਾਦਰੋਂ 2073 ਨੂੰ ਮਨਾਇਆ ਜਾ ਰਿਹਾ ਹੈ। ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਰਜ਼ਾ ਅਨੁਸਾਰ ਇਸ ਮੇਲੇ ਦਾ ਪ੍ਰਬੰਧ ਡੇਰੇ ਦੇ ਮਹੰਤ ਸੰਤ ਜੋਰਾ ਸਿੰਘ ਕਰਦੇ ਆ ਰਹੇ ਹਨ ਅਤੇ ਨਾਮਧਾਰੀ ਪੰਥ ਦੇ ਗੁਣੀ ਗਿਆਨੀ ਜਥੇਦਾਰ ਇਸ ਸਮੇਂ ਸ੍ਰੀ ਸਤਿਗੁਰੂ ਜੀ ਦੀ ਸੋਭਾ ਅਤੇ ਗੁਰਸਿੱਖੀ ਦਾ ਪ੍ਰਚਾਰ ਕਰਦੇ ਹਨ। ਇਸ ਪ੍ਰੋਗਰਾਮ ਵਿਚ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਉਚੇਚੇ ਇਥੇ ਪਹੁੰਚ ਕੇ ਸਾਧ ਸੰਗਤ ਨੂੰ ਦਰਸ਼ਨ ਦੇਣਗੇ। ਮਹੰਤ ਜੋਰਾ ਸਿੰਘ ਵਲੋਂ ਸਾਧ ਸੰਗਤ ਨੂੰ ਇਸ ਮੇਲੇ ਵਿਚ ਦਰਸ਼ਨ ਦੇਣ ਦੀ ਬੇਨਤੀ ਕੀਤੀ ਜਾਂਦੀ ਹੈ।

Subscriber's Address

Type setting by: CADCON
Designed by: Jaswant Graphics

ਇਕ ਪ੍ਰਤੀ : ਪੰਜ ਰੁਪਈਏ
ਇਕ ਸਾਲ : ਦੇਸ - 250 ਰੁਪਈਏ, ਪ੍ਰਦੇਸ - 30 ਪੌਂਡ
ਪੰਜ ਸਾਲ : ਦੇਸ - 1000 ਰੁਪਈਏ, ਪ੍ਰਦੇਸ - 120 ਪੌਂਡ

ਦਿੱਲੀ
ਵੀਰਵਾਰ: ਸੂਰਜ ਚੜ੍ਹਨ ਦਾ ਸਮਾਂ-ਸਵੇਰੇ 5.48 ਮਿੰਟ
ਵੀਰਵਾਰ: ਸੂਰਜ ਡੁੱਬਣ ਦਾ ਸਮਾਂ-ਸ਼ਾਮੀਂ 7.04 ਮਿੰਟ

Printed and published by Mr. Harvendra Singh Hanspal on behalf of Namdhari Darbar. Printed at Summit Advertising Press, 2 DLF (Part), Moti Nagar, New Delhi-110015 and published from Namdhari Gurdwara, Ramesh Nagar, New Delhi-110015. Editor-Harvendra Singh Hanspal.
Telephone no : 011-40519403, Email : satjugweekly@gmail.com
Issue No. 23 of 11 August 2016